# ਮੈਦਾਨ ਤੋਂ ਘਾਟੀ ਤੱਕ !

# ਮੈਦਾਨ ਤੋਂ ਘਾਟੀ ਤੱਕ !

**ਮਨੇਸ**

International Publishers
of Indian and Foreign Languages

*Poetry/Punjabi Poetry*

ISBN : 978-93-5068-114-5
Price : 150/-

**ਮੈਦਾਨ ਤੋਂ ਘਾਟੀ ਤੱਕ !**

**ਮਨੇਸ**

**Maidan Ton Ghati Tak**

*by*

**Manes**
2556, Urban Estate, Phase-2,
Part-2, Patiala, Punjab-147102
Mob: 09779280034 (Punjab)
Mob: 09622713900 (Kashmir)

2012
Lokgeet Parkashan
S.C.O. 26-27, Sector 34 A, Chandigarh-160022
Ph.0172-5077427, 5077428
Punjabi Bhawan Ludhiana,
98154-71219
Type Setting & Design PCIS
Printed & bound at Unistar Books Pvt. Ltd.
301, Industrial Area, Phase-9,
S.A.S. Nagar, Mohali-Chandigarh (India)
Mob: 98154-71219

©, *2012*

*Produced and bound in India*

*All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means (electronic, mechanical, photocopying, recording or otherwise), without the prior written permission of both the copyright owner and the above-mentioned publisher of this book.*

ਸਮਰਪਣ

ਹੱਸਦੀ, ਗਾਉਂਦੀ ਤੇ ਨੱਚਦੀ ਕਾਇਆਨਾਤ
ਨੂੰ

## ਤਤਕਰਾ


| | | |
|---|---|---|
| * | ਕਲਮ ਦੀ ਨੋਕ ਚੋਂ | 9 |
| * | ਧੰਨਵਾਦ | 15 |
| * | ਇਜ਼ਤੋ ਏਤ੍ਰਰਾਮ | 17 |
| * | ਪੰਜਾਬ ਲਈ ਦੁਆਵਾਂ | 18 |
| * | ਵਾਹ ਚੜਦਿਆ ਸੂਰਜਾ! | 20 |
| * | ਨਾਦ ਫਜ਼ਰ ਦਾ | 21 |
| * | ਮਰਦ ਅਗੰਮੜਾ | 23 |
| * | ਪਾਣੀ | 27 |
| * | ਵਾਹ ਓਏ ਉੱਡਦਿਆ ਬੱਦਲਾ! | 29 |
| * | ਨਿਕੋਚਿੜੀ! | 30 |
| * | ਪਿੱਪਲਾ ਵੇ! | 31 |
| * | ਪੰਜਾਬ ਵੇਖ ਲੈ! | 33 |
| * | ਫ਼ੁੱਲ | 35 |
| * | ਪੁੰਚਰਾਜ! | 36 |
| * | ਇਲਾਹੀ ਬੂਟਾ! | 37 |
| * | ਆ ਕੇ ਬਾਬਾ ਨਾਨਕਾ! | 38 |
| * | ਰੂਹ ਦਾ ਨਾਚ | 39 |
| * | ਮਾਨਸੂਨ | 40 |
| * | ਸਿਫ਼ਤੀ ਦਾ ਘਰ | 42 |
| * | ਮਾਂਡਵੀ | 45 |
| * | ਠੰਡੀਏ ਹਵਾਏ! | 47 |
| * | ਤਿਪਕ ਰਾਗ | 49 |
| * | ਆਲ੍ਹਣਾ | 50 |
| * | ਮੋਰਾ! | 51 |
| * | ਘਸੀਆਂ ਜੁੱਤੀਆਂ | 53 |
| * | ਸਾਡੀ ਕਵਿਤਾ | 55 |
| * | ਬੂਟੇ ਨਵੀਂ ਸਵੇਰ ਦੇ! | 57 |

* ਚੋਗਾਂ! 58
* ਹੰਝੂਆਂ ਦੇ ਹਰਫ਼ 59
* ਘਾਟੀਏ ਲੋਲਾਬ ਦੀਏ! 63
* ਫੈਰਨ 65
* ਗੁਲਮੋਹਰ 67
* ਪੰਜ ਗੁਲਾਬ 68
* ਚਿਨਾਰ 69
* ਡੱਲ! 70
* ਵਾਦੀ-ਏ-ਕਾਸ਼ੀਰ 74
* ਸ਼ੰਗ੍ਰੀਲਾ! 77
* ਬਸੰਤੀ ਕਾਸ਼ੀਰ 79
* ਸਾਂਝ 80
* ਕਵਿਤਾ... 83
* ਵਿੱਚ ਪਹਾੜਾਂ ਦੇ 84
* ਕੁੱਪਵਾੜਾ ਉਏ! 87
* ਹਜ਼ਰਤਬਲ 89
* ਚਿੜੀਓ ਨੀਂ ਚਿੜੀਓ! 94
* ਕਾਂਗੜੀਏ 96
* ਟੀਨ ਦੀਆਂ ਛੱਤਾਂ ਤੇ 98
* ਕਸ਼ੀਰਨਾਂ 101
* ਗੁਲਮਾਰ.ਗ 103
* ਮਣੀਆਂ 105
* ਬੱਦਲਾ ਲੋਲਾਬ ਦਿਆ! 106
* ਨਦੀ ਦਾ ਗੀਤ 108
* ਘਾਟੀਏ ਨੀਂ ਘਾਟੀਏ! 111

# 'ਕਲਮ ਦੀ ਨੋਕ ਚੋਂ'

ਪਰਮ-ਪਿਤਾ ਪ੍ਰਮੇਸ਼ਰ ਦਾ ਕੋਟਿ-ਕੋਟਿ ਧੰਨਵਾਦ ਹੈ ਕਿ ਉਸ ਨੇ ਜੀਵਨ-ਪੰਧ ਤੇ ਚੱਲਦਿਆਂ, ਜੰਗਲਾਂ ਤੇ ਮੰਗਲਾਂ ਚ ਵਿਚਰਣ, ਨਿਹਾਰਨ ਤੇ ਮਾਨਣ ਦਾ ਮੌਕਾ ਦਿੱਤਾ ਜੋ ਹਰ ਇਨਸਾਨ ਦੀ ਤਕਦੀਰ ਦੇ ਹਿੱਸੇ ਨਹੀਂ ਆਉਂਦਾ।

ਬਚਪਨ ਛੋਟੇ-ਛੋਟੇ ਪੈਰਾਂ ਤੇ ਚੱਲ, ਹੱਥ 'ਚ ਕਿਤਾਬਾਂ ਫੜੀ, ਪਸ਼ੂਆਂ ਨੂੰ ਚਾਰਦਿਆਂ; ਮਸਤੀ ਦੇ ਆਲਮ ਵਿੱਚ ਬੀਤਿਆ। ਛੱਪੜਾਂ ਤੇ ਛਪੜਿਆਂ, ਰੱਕੜਾਂ ਤੇ ਕੱਲਰਾਂ, ਝੱਲਾਂ ਤੇ ਰੱਖਾਂ 'ਚ ਸਵਾਂਕ, ਖੱਬਲਾਂ, ਪੋਹਲੀਆਂ, ਜਵਾਹਿਆਂ ਤੇ ਭੱਖੜਿਆਂ ਤੇ ਤੁਰਦਿਆਂ-ਭੱਜਦਿਆਂ ਬੀਤਿਆ। ਪਿੰਡਾਂ 'ਚ ਕੱਚੇ ਰਸਤਿਆਂ ਦੀ ਧੂੜ 'ਚ ਖਿੱਦੋ ਖੂੰਡੀ ਖੇਡਦਿਆਂ, ਕੱਚੇ ਰਾਹਾਂ 'ਚ ਗੱਡਿਆਂ ਤੇ ਜੁੱਪੇ ਬੱਲਦਾਂ ਤੇ ਚੋਣਿਆਂ ਦੇ ਖੁਰਾਂ ਨਾਲ ਉੱਡਦੀ ਧੂੜ 'ਚ ਲੱਥਪੱਥ ਹੁੰਦਿਆਂ ਬਚਪਨ ਸਮੇਂ ਦੀ ਤੋਰ ਨਾਲ ਤੁਰਿਆ। ਤਿੱਖੜ ਦੁਪਿਹਰਾਂ, ਸਾਉਣ ਮਹੀਨੇ ਦੇ ਰੋੜ ਤੇ ਸਿਆਲਾਂ ਦੀਆਂ ਧੁੰਦਾਂ ਤੇ ਰਾਤ ਨੂੰ ਖੇਤਾਂ ਵਿੱਚ ਪਾਣੀ ਲਾਈ ਕਾਮੇ ਕੰਨ ਤੇ ਹੱਥ ਰੱਖ ਮਿਰਜ਼ੇ ਦੀ ਸੱਦ ਲਾਉਂਦੇ ਤੇ ਕੋਠਿਆਂ ਤੇ ਮੰਜੀਆਂ ਜੋੜ ਕੇ ਟੰਗੇ ਹੋਏ ਸਪੀਕਰਾਂ ਦੀਆਂ ਆਵਾਜ਼ਾ ਨੂੰ ਕੰਨੀ ਸੁਣਿਆ ਤੇ ਮਾਣਿਆ।

ਭਾਰਤ ਵਿੱਚ ਅਨਾਜ ਦੀ ਕਮੀ ਨੂੰ ਪੂਰਾ ਕਰਨ ਲਈ ਵਿੱਢੀ ਹਰੀ ਕ੍ਰਾਂਤੀ ਦੀ ਮੁਹਿੰਮ ਨੇ ਪੰਜਾਬ ਦੇ ਪਿੰਡਾਂ ਵਿੱਚ ਟਰੈਕਟਰਾਂ ਦੀ ਆਮਦ ਨੂੰ ਸੱਦਾ ਦਿੱਤਾ ਤੇ ਗੱਡਿਆਂ ਦੀਆਂ ਲੱਕੜਾਂ ਚੁੱਲਿਆਂ 'ਚ ਜਾ ਪਈਆਂ। ਬਲਦ ਪੰਜਾਬ ਦੀ ਸਰ-ਜਮੀਂ ਤੋ ਗਾਇਬ ਹੋ ਗਿਆ, ਜਿਸ ਨੂੰ ਕਦੇ ਪੰਜਾਬੀ ਕਿਸਾਨ ਪੁੱਤਰਾਂ ਨਾਲੋਂ ਵੀ ਵੱਧ ਸੰਭਾਲਦਾ ਤੇ ਪਿਆਰਦਾ ਸੀ।ਪੰਜਾਬ 'ਚ ਹਰੀ ਕ੍ਰਾਂਤੀ ਦਾ ਜੋ ਆਗਾਜ਼ ਹੋਇਆ, ਉਸਨੂੰ ਪੰਜਾਬੀ ਕਿਸਾਨ ਦੀ ਹਿੰਮਤ ਤੇ ਮੇਹਨਤ ਨੇ ਕਾਮਯਾਬੀ 'ਚ ਬਦਲਿਆ। ਟਰੈਕਟਰਾਂ ਤੇ ਮਸ਼ੀਨਾਂ ਦੀ ਗੂੰਜ਼ਰ 'ਚ ਚਰਖਿਆਂ ਦੀ ਘੂਕਰ ਖੋ ਗਈ। ਘਰਾਂ ਵਿੱਚ ਹੱਥ-ਮਧਾਣੀਆਂ ਤੇ ਚੱਕੀਆਂ ਗਾਇਬ ਹੋਈਆਂ ਤੇ ਘਰਾਂ ਵਿੱਚ ਮੂਰਖਡੱਬੇ (ਟੀ ਵੀ) ਦੀ ਬਕਵਾਸ ਪ੍ਰਧਾਨ ਹੋ ਗਈ। ਕੱਲਰ ਤੇ ਟਿੱਬੇ ਅਲੋਪ ਹੋਣ ਲੱਗੇ। ਪਿੰਡਾਂ ਵਿੱਚ ਪੱਕੀਆਂ ਸੜਕਾਂ ਤੇ ਬਿਜਲੀ ਦੀ ਆਮਦ ਨੇ ਪੰਜਾਬ ਹੀ ਨਹੀਂ ਬਲਕਿ ਹਿੰਦੋਸਤਾਨ ਦੇ ਦ੍ਰਿਸ਼ ਤੇ ਜੀਵਨ ਦੀ ਦਿਸ਼ਾ ਬਦਲ ਕੇ ਰੱਖ ਦਿੱਤੀ। ਅਨਪੜ੍ਹ ਤੇ ਸਰਲ ਕਿਸਾਨ ਦਾ ਅੰਗੂਠਾ ਵੀ ਉਂਗਲਾਂ ਦੇ ਪੋਟਿਆਂ ਤੇ ਗੁੰਝਲਦਾਰ ਹਿਸਾਬ ਕਰਨ ਲੱਗਾ।ਰੁੱਖਾਂ ਤੇ ਮਨੁੱਖ ਦਾ ਬੇਰਹਿਮ ਕੁਹਾੜਾ ਚੱਲਿਆ, ਅੰਨ ਦੇ ਅੰਬਾਰ ਲੱਗ ਗਏ ਤੇ ਸ਼ਹਿਰਾਂ ਦਾ ਅਰਸ਼ ਤੇ ਫਰਸ਼ ਨੂੰ ਤੇਜ਼ ਗਤੀ ਨਾਲ ਪਸਾਰਾ ਹੋਣ ਲੱਗਾ। ਰਸਾਇਣਿਕ ਪਦਾਰਥਾਂ ਦੇ ਪ੍ਰਯੋਗ ਨੇ ਚੀਚਕ ਵਹੁਟੀ ਤੋਂ ਲੈ ਕੇ ਇੱਲ ਤੱਕ ਨੂੰ ਖਤਮ ਕਰਕੇ ਰੱਖ ਦਿੱਤਾ। ਅੱਜ ਮਨੁੱਖ ਤੋਂ

ਸੱਪ ਦੀ ਹੋਂਦ ਨੂੰ ਵੀ ਖਤਰਾ ਪੈਦਾ ਹੋ ਗਿਆ ਹੈ। ਆਦਮੀ ਦਾ ਰਹਿਣ-ਸਹਿਣ ਏਨਾ ਬਦਲ ਗਿਆ ਹੈ ਕਿ ਸਾਡੇ ਬਚਪਨ ਦਾ ਪੰਜਾਬ ਅਜਾਇਬ ਘਰ ਦਾ ਸ਼ਿੰਗਾਰ ਬਣ ਕੇ ਰਹਿ ਗਿਆ ਹੈ। ਪੰਜਾਬ ਦੇ ਸਮਾਜਿਕ ਤਾਣੇ-ਬਾਣੇ, ਰਹਿਣ-ਸਹਿਣ, ਵਾਤਾਵਰਣ ਤੇ ਪਿਆਰ-ਭਾਵ ਤੇ ਕਾਫ਼ੀ ਅਸਰ ਪਿਆ ਹੈ।

ਦੇਸ਼ ਵਿੱਚ ਐਮਰਜੈਂਸੀ ਦੇ ਦੌਰ ਤੋਂ ਬਾਅਦ, ਪਿੰਡ ਛੱਡਕੇ ਸ਼ਹਿਰੀ ਜ਼ਿੰਦਗੀ ਨੂੰ ਵੀ ਜੀਣ ਦਾ ਮੌਕਾ ਮਿਲਿਆ।ਜਵਾਨੀ, ਸ਼ਹਿਰਾਂ ਦੀਆਂ ਸੜਕਾਂ ਤੇ ਪੈਦਲ ਚੱਲਦਿਆਂ ਤੇ ਹੋਸਟਲਾਂ 'ਚ ਰਾਤਾਂ ਨੂੰ ਨੀਂਦ ਝਾਗਦਿਆਂ ਪੁਸਤਕਾਂ ਦੀ ਸੰਗਤ 'ਚ ਬੀਤੀ। ਉਹ ਸਮਾਂ ਵਿਦਿਆਰਥੀਆਂ 'ਚ ਅਸ਼ਾਤੀ ਦਾ ਸਮਾਂ ਸੀ। ਕਾਲਜ ਨਿੱਤ ਦਿਹਾੜੇ ਹੜਤਾਲਾਂ ਹੋਣ ਕਾਰਨ ਬੰਦ ਰਹਿੰਦੇ। ਪੰਜਾਬ ਬੇਰੁਜ਼ਗਾਰੀ ਤੇ ਰਾਜਨੀਤਿਕ ਅਸਥਿਰਤਾ ਦਾ ਸੰਤਾਪ ਭੋਗਦਾ ਹੋਇਆ ਅੱਤਵਾਦ ਦੇ ਅੰਧਕਾਰ ਤੇ ਤਨਾਵਗ੍ਰਸਤ ਵਾਤਾਵਰਣ 'ਚ ਜਾ ਡਿੱਗਿਆ। ਕਤਲੋਗਾਰਦ ਦਾ ਐਸਾ ਦੌਰ ਚੱਲਿਆ ਕਿ ਪੰਜਾਬ ਅਤੇ ਦਿੱਲੀ ਦੋਵੇਂ ਲਹੂ-ਲੁਹਾਣ ਹੋਏ ਤੇ ਪੰਜਾਬ ਦੀਆਂ ਨਦੀਆਂ ਦਾ ਬਦਰੰਗ ਨੀਰ ਲਾਲ ਹੋਇਆ। ਸ਼ਹਿਰੀ ਜ਼ਿੰਦਗੀ ਨੂੰ ਬਹੁਤ ਨਜ਼ਦੀਕ ਤੋ ਵੇਖਿਆ, ਹੰਢਾਇਆ ਤੇ ਮਾਣਿਆ। ਸ਼ਹਿਰ ਤੇ ਸ਼ਹਿਰੀ ਆਦਮੀਂ ਦੀਆਂ ਸਮੱਸਿਆਂਵਾਂ ਤੇ ਉਨ੍ਹਾਂ ਦੀਆਂ ਪਰਤਾਂ ਦੇ ਵੱਖ-ਵੱਖ ਪਹਿਲੂਆਂ ਨੂੰ ਵਾਚਿਆ, ਨਿਰਖਿਆ, ਚੀਰਫਾੜ ਤੇ ਮੁਲਾਂਕਣ ਕੀਤਾ ਅਤੇ ਹੱਲਾਂ ਬਾਰੇ ਚਿੰਤਨ ਕੀਤਾ। ਲੱਗਿਆ ਕਿ ਅਜੋਕੇ ਰਹਿਨੁਮਾਵਾਂ ਕੋਲ ਲਾਰੇ-ਲੱਪਿਆਂ ਤੋ ਇਲਾਵਾ ਇਹਨਾਂ ਸਮੱਸਿਆਵਾਂ ਦਾ ਕੋਈ ਹੱਲ ਨਹੀਂ। ਆਮ ਆਦਮੀਂ ਦੀ, ਚਿੰਤਾਵਾਂ ਭਰਪੂਰ, ਲੰਙੜਾਉਂਦੀ ਤੇ ਲੜਖੜਾਉਂਦੀ ਹੋਈ ਜ਼ਿੰਦਗੀ ਮਜ਼ਾਕ ਬਣ ਕੇ ਰਹਿ ਗਈ ਹੈ।

ਪੈਸੇ ਦੀ ਦੌੜ 'ਚ ਭੱਜਦਿਆਂ-ਭੱਜਦਿਆਂ ਮਨੁੱਖ ਦਾ ਕੱਦ ਬੋਣਾ ਹੋ ਗਿਆ ਹੈ। ਸ਼ਾਇਦ ਇਸੇ ਕਰਕੇ ਹੀ ਇਸ ਦੌੜ ਨੂੰ ਅੰਗਰੇਜ਼ 'ਚੂਹ-ਦੌੜ' ਕਹਿੰਦੇ ਹਨ।ਇਸ ਦੌੜ ਨੂੰ ਬੰਦਾ ਅਗਰ ਜਿੱਤ ਵੀ ਜਾਵੇ ਤਾਂ ਵੀ ਰਹੇਗਾ ਤਾਂ ਚੂਹਾ ਹੀ! ਅਜੋਕਾ ਆਦਮੀ ਸਮਾਜਿਕ ਤੇ ਇਖ਼ਲਾਕੀ ਕਦਰਾਂ ਕੀਮਤਾਂ ਦੇ ਸੰਕਟ ਦੀ ਲਪੇਟ 'ਚ ਹੈ।

ਉਪਰੋਕਤ ਵਰਣਿਤ ਚੂਹ ਦੌੜ 'ਚ ਅਸੀਂ ਵੀ ਸ਼ਾਮਿਲ, ਲਗਭਗ ਇੱਕ ਦਹਾਕਾ ਪਹਿਲਾਂ, ਮੌਤ ਦੇ ਮੂੰਹ 'ਚ ਜਾ ਪਏ।ਜ਼ਿੰਦਗੀ ਦਾ ਸੱਚ ਸਮਝ ਆ ਗਿਆ। ਆਦਮੀ ਦੇ ਸਿਰਜੇ ਕਈ ਰੰਗ ਫਿੱਕੇ ਤੇ ਹਲਕੇ ਨਜ਼ਰ ਆਏ ਜਦੋਂ ਕਿ ਕਾਦਰੀ ਰੰਗਾਂ 'ਚ ਇੱਕ ਸਮੱਗਰਤਾ ਤੇ ਭਰਭੂਰਤਾ ਨਜ਼ਰ ਆਈ। ਜਾਣਿਆ ਕਿ ਕੁਦਰਤ ਸਦਾ ਹੱਸਦੀ, ਨੱਚਦੀ ਤੇ ਗਾਉਂਦੀ ਨਿਰੰਤਰ ਚੱਲਦੀ ਤੇ ਬਦਲਦੀ ਜਾਂਦੀ ਹੈ ਤੇ ਕਦੇ ਵੀ ਥੱਕਣ ਦੀ ਦੁਹਾਈ ਨਹੀਂ ਪਾਉਂਦੀ। ਜਾਣਿਆਂ ਕਿ ਸਾਗਰੀ ਛੱਲਾਂ ਨੱਚਦੀਆਂ; ਹਵਾਵਾਂ ਹੱਸਦੀਆਂ, ਗਾਉਂਦੀਆਂ ਤੇ ਮੁਸਕਾਉਂਦੀਆਂ ਚਲਦੀਆਂ ਰਹਿੰਦੀਆਂ ਨੇ। ਪੰਛੀ ਖੁਸ਼ੀ ਵਿੱਚ ਚਹਿਚਹਾਂਉਂਦੇ, ਤਾਰੇ ਫ਼ੁੱਲਾਂ ਵਾਂਗੂ ਹੱਸਦੇ ਤੇ ਜੁਗਨੂੰਆਂ ਵਾਂਗੂੰ ਟਿਮ ਟਿਮਾਂਉਂਦੇ ਰਹਿੰਦੇ ਨੇ। ਕੇਵਲ ਇਨਸਾਨ ਦੇ ਚਿਹਰੇ ਤੇ ਉਹਦੀ 'ਮੈਂ' ਉਦਾਸੀ ਦਾ ਆਲਮ ਬਰਕਰਾਰ ਰੱਖਦੀ ਹੈ।

ਡਾਲਰਾਂ ਦੀ ਲਲਕ ਨੇ ਮਿੱਟੀ ਦਾ ਮੋਹ ਭੰਗ ਕਰਕੇ ਰੱਖ ਦਿੱਤਾ ਹੈ ਤੇ ਵਤਨ ਦੀ ਮਿੱਟੀ ਦੀ ਖੁਸ਼ਬੂ ਮੱਧਮ ਪੈਂਦੀ ਪ੍ਰਤੀਤ ਹੋ ਰਹੀ ਹੈ। ਉਦਾਸ ਮਿੱਟੀ ਉਦਾਸੀਆਂ ਮਾਂਵਾਂ ਦੇ ਹੰਝੂ ਪੀਣ ਜੋਗੀ ਰਹਿ ਗਈ ਹੈ! ਉਹ ਮਾਂਵਾਂ ਜਿੰਨਾ ਨੇ ਦੁੱਧ ਪਿਆ ਕੇ ਪਾਲਿਆ, ਅੱਜ ਪਾਣੀ ਨੂੰ ਵੀ ਤਰਸਦੀਆਂ ਹਨ। ਇਨਸਾਨ ਨੂੰ ਪਤਾ ਨਹੀਂ ਉਸ ਦੀ ਮੰਜ਼ਿਲ ਕੀ ਹੈ, ਬਿਲਕੁਲ ਦੌੜਦੇ ਚੂਹਿਆਂ ਦੀ ਤਰ੍ਹਾਂ!

ਨੌਜਵਾਨ ਨਸ਼ਿਆਂ 'ਚ ਗ਼ਲਤਾਨ ਹੋ ਰਹੇ ਹਨ। ਦੇਸ਼ ਵਿੱਚ ਨਸ਼ਿਆਂ ਦੀ ਤਸਕਰੀ ਦਿਨੋ ਦਿਨ ਵਧ ਰਹੀ ਹੈ। ਜਵਾਨੀ ਦਾ ਘਾਣ ਹੋ ਰਿਹਾ ਹੈ। ਹਰੀ ਕ੍ਰਾਂਤੀ, ਸ਼ਹਿਰੀਕਰਨ ਤੇ ਉਦਯੋਗੀਕਰਨ ਨੂੰ ਖੁਸ਼ਹਾਲੀ ਦਾ ਪ੍ਰਤੀਕ ਮੰਨਿਆ ਜਾਂਦਾ ਹੈ, ਪਰ ਮਨੁੱਖ ਦੇ ਚਿਹਰੇ ਤੋਂ ਖੁਸ਼ੀ ਗਾਇਬ ਹੁੰਦੀ ਜਾ ਰਹੀ ਹੈ। ਅਗਰ ਕਾਇਆਨਾਤ ਵਿੱਚ ਕਿਤੇ ਉਦਾਸੀ ਦਾ ਆਲਮ ਹੈ ਤਾਂ ਕੇਵਲ ਤੇ ਕੇਵਲ ਮਨੁੱਖ ਦੇ ਚਿਹਰੇ ਤੇ ਹੈ, ਜੋ ਆਪਣੇ ਆਪ ਨੂੰ ਕਾਇਆਨਾਤ ਦਾ ਸਰਵਸ੍ਰੇਸ਼ਟ ਜੀਵ ਸਮਝਦਾ ਹੈ! ਇਹ ਸਭ ਕੁਝ ਮਨੁੱਖ ਦੇ ਕਾਦਰ ਤੇ ਉਸਦੀ ਕੁਦਰਤ ਨਾਲੋਂ ਦੂਰ ਹੋਣ ਕਰਕੇ ਹੈ। ਆਦਮੀਂ ਹਾਉਮੈਂ ਦਾ ਪੁੱਤ ਬਣਕੇ ਰਹਿ ਗਿਆ ਹੈ।

ਬੰਦਾ, ਬੰਦੇ ਦਾ ਸ਼ੋਸ਼ਣ ਕਰ ਰਿਹਾ ਹੈ। ਬੰਦਾ ਇੱਕ ਸਾਧਨ ਬਣ ਕੇ ਰਹਿ ਗਿਆ ਹੈ। ਧੋਖਾਧੜੀ, ਰਿਸ਼ਵਤਖੋਰੀ, ਚੋਰ-ਚਕਾਰੀ, ਚੋਰ-ਬਜ਼ਾਰੀ, ਪਖੰਡ ਤੇ ਜੁਰਮ 'ਚ ਆਦਮੀ ਗਲਤਾਨ ਹੋ ਰਿਹਾ ਏ। ਤਨਾਅ ਕਈ ਤਰ੍ਹਾਂ ਦੀਆਂ ਖਤਰਨਾਕ ਬਿਮਾਰੀਆਂ ਨੂੰ ਸੱਦਾ ਦੇ ਰਿਹਾ ਏ। ਆਦਮੀ ਸਰਲ ਤੇ ਪਿਆਰ-ਭਰੀ ਜੀਵਨ ਜਾਂਚ ਨੂੰ ਤਿਲਾਂਜਲੀ ਦੇ, ਗੁੱਸੇ ਤੇ ਕੁੜੱਤਣ ਦਾ ਸ਼ਿਕਾਰ ਹੋ, ਵੈਰ-ਵਿਰੋਧ ਭਰਿਆ ਨੀਰਸ ਜੀਵਨ ਬਿਤਾ ਰਿਹਾ ਹੈ। ਆਦਮੀ ਦੇ ਅਖੌਤੀ ਸੱਭਿਅਕ ਜੀਵਨ ਢੰਗ ਤੇ ਹਿੰਦੀ ਦੇ ਇੱਕ ਕਵੀ ਅਗੇਯ ਨੇ, ਗਾਗਰ 'ਚ ਸਾਗਰ ਭਰਦੇ ਹੋਏ ਇਸ ਤਰ੍ਹਾਂ ਵਿਅੰਗ ਕੀਤਾ ਹੈ:

ਸਾਂਪ! ਤੁਮ ਸੱਭਯ ਹੂਏ ਤੋ ਨਹੀਂ,
ਨਗਰ ਮੇਂ ਬਸਨਾ ਭੀ ਤੁਮੇ ਨਹੀਂ ਆਇਆਂ,
ਏਕ ਬਾਤ ਪੂਛੂੰ- ਉੱਤਰ ਦੋਗੇ?
ਤਬ ਕੈਸੇ ਸੀਖਾ ਡਸਨਾ,
ਵਿਸ਼ ਕਹਾਂ ਪਾਇਆ?

ਕਿਸੇ ਹੋਰ ਕਵੀ ਨੇ ਇਸ ਤਰ੍ਹਾਂ ਕਿਹਾ ਹੈ:-

ਆਦਮੀ ਮੇਂ ਜ਼ਹਿਰ ਇਤਨਾ ਭਰ ਗਿਆ ਹੈ
ਕਿ ਵਿਸ਼ਧਰੋਂ ਕਾ ਵੰਸ਼ ਡਰ ਗਿਆ ਹੈ
ਕਲ ਸੁਣੋਗੇ ਕਿ ਆਦਮੀਂ ਕੇ ਕਾਟਨੇ ਸੇ
ਕੋਈ ਸਾਂਪ ਮਰ ਗਿਆ ਹੈ!

ਪੱਛਮ ਦੇ ਦਾਰਸ਼ਨਿਕ, ਜਾਰਜ ਬਰਨਾਰਡ ਸ਼ਾਅ ਤੋਂ ਜਦੋਂ ਇਹ ਪੁੱਛਿਆ ਗਿਆ ਕਿ ਉਨ੍ਹਾਂ ਦਾ ਡਾਰਵਿਨ ਦੇ ਇਸ ਵਿਚਾਰ ਕਿ ਆਦਮੀ ਬਾਂਦਰ ਤੋਂ ਬਣਿਆ ਹੈ, ਬਾਰੇ ਕੀ ਵਿਚਾਰ ਹੈ, ਤਾਂ ਉਨ੍ਹਾਂ ਨੇ ਵਿਅੰਗਮਈ ਤਰੀਕੇ ਨਾਲ ਕਿਹਾ ਸੀ, 'ਅਜੇ ਤਾਂ ਪੂੰਛ ਹੀ ਗਾਇਬ ਹੋਈ ਹੈ!' ਯਾਨੀ ਕਿ ਬੰਦਾ ਅਜੇ ਵੀ ਬੰਦਾ ਨਹੀਂ ਬਣਿਆਂ!

ਪੇਟ ਦੀ ਅੱਗ ਬੁਝਾਣ ਵਾਸਤੇ ਸਾਨੂੰ ਹਿੰਦੋਸਤਾਨ ਦੇ ਅੱਡ-ਅੱਡ ਇਲਾਕਿਆਂ ਵਿੱਚ, ਪਿੰਡਾਂ ਤੇ ਸ਼ਹਿਰਾਂ 'ਚ ਜੀਵਨ ਬਸਰ ਕਰਨ ਤੇ ਖੋਜਣ ਦਾ ਮੌਕਾ ਮਿਲਿਆ। ਮੈਦਾਨਾਂ ਦੀ ਸਰਲਤਾ, ਸਪਾਟਪਣ ਤੇ ਉਪਜਾਊਪਣ; ਪਹਾੜਾਂ ਦੀ ਸੁੰਦਰਤਾ, ਤਾਜ਼ਗੀ ਤੇ ਗੁੰਝਲਤਾ; ਪਠਾਰਾਂ 'ਚ ਦੋਹਾਂ ਦੀ ਦੁਮੇਲਤਾ; ਹਸੀਨ ਵਾਦੀਆਂ 'ਚ ਫਲਾਂ ਤੇ ਫੁੱਲਾਂ ਦੀਆਂ ਖੁਸ਼ਬੋਈਆਂ ਦਾ ਖੁਮਾਰ; ਨਦੀਆਂ ਤੇ ਕੂਲਾ ਦਾ ਕਲਕਲ ਕਰਦਾ ਸੰਗੀਤ ਤੇ ਠੰਡਾ-ਠਾਰ ਗਰਮੀ ਚੂਸਦਾ ਪਾਣੀ; ਪਹਾੜਾਂ ਦੀਆਂ ਚੋਟੀਆਂ ਤੇ ਚਾਂਦੀ ਰੰਗੀ ਬਰਫ਼ ਦੇ ਠੰਡਕ ਪ੍ਰਦਾਨ ਕਰਦੇ ਢੇਰ, ਬਰਫ਼ਬਾਰੀ ਦੌਰਾਨ ਸ਼ਰਾਬੀ ਹੋਏ ਬਰਾਤੀਆਂ ਵਾਗੂੰ ਮਸਤ ਝੂਮਦੇ ਰੂੰ ਜਹੇ ਗੋਹੜੇ; ਜੰਗਲਾਂ ਦੀ ਬਨਸਪਤੀ ਦੀ ਵੰਨ-ਸੁਵੰਨਤਾ, ਸ਼ਾਤੀ ਤੇ ਤਾਜ਼ਗੀ; ਸਾਗਰੀ ਕੰਢਿਆਂ ਤੇ ਨੱਚਦੀਆਂ ਛੱਲਾਂ ਤੇ ਸਮੀਰਾਂ ਤੇ ਉਹਨਾਂ ਦੇ ਸੱਦੇ; ਤੈਰਦੇ ਬੱਦਲਾਂ ਦੀ ਸ਼ਾਨੋ-ਸ਼ੋਕਤ ਤੇ ਆਜ਼ਾਦੀ; ਮੀਂਹ ਦੀਆਂ ਫੁਹਾਰਾਂ ਦੇ ਤਿਪਕ-ਤਿਪਕ ਰਾਗ; ਰੰਗ-ਬਰੰਗੇ ਪੰਛੀਆਂ ਦੀਆਂ ਖੁੱਲੇ ਅਸਮਾਨ 'ਚ ਕਲਾਬਾਜ਼ੀਆਂ, ਸੁਭਾ-ਸਵੇਰੇ ਅਤੇ ਸ਼ਾਮ ਨੂੰ ਮਸਤ ਚਹਿਚਿਆਹਟ; ਖੁਸ਼-ਪੌਣਾਂ ਦੀ ਮੁਸਕਾਣ, ਭੌਰਿਆਂ ਤੇ ਮਧੂ-ਮੱਖੀਆਂ ਦੀ ਗੂੰਜਾਰ, ਸਾਫ਼ ਰਾਤਾਂ ਨੂੰ ਆਕਾਸ਼ 'ਚ ਫੁੱਲਾਂ ਭਰੀ ਚੰਗੇਰ ਵਾਗੂੰ ਟਹਿਕਦੇ ਤਾਰੇ; ਉੱਗਦੇ ਤੇ ਛਿੱਪਦੇ ਸੂਰਜ ਦੀ ਲਲਿਆਟ ਤੇ ਲਲਿਆਟ ਭਰੀ ਸਮਰਾਟਤਾ; ਅੱਡ-ਅੱਡ ਰੁੱਖਾਂ ਤੇ ਫੁੱਲਾਂ ਦੀ ਰੰਗਤ 'ਚ ਸੰਗਤ ਕਰਨ ਦਾ ਸੁਭਾਗਸ਼ਾਲੀ ਅਵਸਰ ਪ੍ਰਾਪਤ ਹੋਇਆ।

ਪਿਛਲੇ ਲਗਭਗ ਅੱਠ ਸਾਲਾਂ 'ਚ ਸਾਹਿਬ-ਏ-ਕਮਾਲ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਚਾਲੀ ਮੁਕਤਿਆਂ ਦੀ ਧਰਤੀ ਮੁਕਤਸਰ (ਖਿਦਰਾਣੇ ਦੀ ਢਾਬ), ਰਾਸ਼ਟਰ-ਪਿਤਾ ਮਹਾਤਮਾ ਗਾਂਧੀ ਦੀ ਜਨਮ ਭੂਮੀ, ਕ੍ਰਿਸ਼ਨ ਜੀ ਦੀ ਰਾਜਨਗਰੀ ਦਵਾਰਿਕਾ, ਸੋਮਨਾਥ, ਕੱਛ ਦਾ ਰਣ, ਗੁਰੂ ਗੋਬਿੰਦ ਸਿੰਘ ਜੀ ਦੀ ਜਨਮ-ਭੂਮੀ ਤਖ਼ਤ ਸ੍ਰੀ ਪਟਨਾ ਸਾਹਿਬ, ਬਿਰਸਾ ਮੁੰਡਾ ਦੀ ਖਣਿਜਾਂ, ਜੰਗਲਾਂ ਤੇ ਨਦੀਆਂ ਨਾਲ ਭਰਪੂਰ ਰਣਭੂਮੀ (ਝਾਰਖੰਡ), ਰਾਮਕ੍ਰਿਸ਼ਨ ਪਰਮਹੰਸ ਦੀ ਗੰਗਾ ਕਿਨਾਰੇ ਕਾਲ਼ੀ ਮਾਂ ਦਾ ਅਸ਼ੀਰਵਾਦ ਪ੍ਰਾਪਤ ਤਪੋ-ਭੂਮੀ, ਰਵਿੰਦਰ ਨਾਥ ਟੈਗੋਰ ਦੇ ਸ਼ਾਂਤੀਵਣ ਦੀ ਸ਼ਾਂਤੀ ਅਤੇ ਦਾਰਜੀਲਿੰਗ ਦੇ ਚਾਹ ਦੇ ਬਾਗਾਂ ਦੀਆਂ ਨਰਮ ਪੱਤੀਆਂ ਨੂੰ ਨਿਹਾਰਨ ਤੇ ਘੋਖਣ ਤੋਂ ਬਾਅਦ ਸ਼ਹੀਦੇ ਆਜ਼ਮ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੇ ਸਮਾਧੀ ਸਥਲ਼ ਹੁਸੈਨੀਵਾਲਾ ਦੇ ਦਰਸ਼ਨ ਤੇ ਪ੍ਰਣਾਮ ਕਰਦਾ ਹੋਇਆ, ਫ਼ੁੱਲਾਂ ਤੇ ਫ਼ਲਾਂ ਨਾਲ਼ ਭਰੀ ਹੋਈ 'ਸਵਰਗ ਦੀ ਧਰਤੀ' ਕਸ਼ਮੀਰ ਵਿੱਚ ਲੋਲਾਬ ਦੀ ਕਟੋਰੇ ਜਿਹੀ ਸੁੰਦਰ ਘਾਟੀ ਵਿੱਚ ਆ ਡੇਰਾ ਲਾਇਆ।

ਇਸ ਸਮੇਂ ਦੇ ਦੌਰਾਨ, ਕਲਮ ਨੇ, ਕਾਦਰ ਤੇ ਕੁਦਰਤ ਦੇ ਰੰਗਾਂ ਦੇ ਨਾਲ-ਨਾਲ ਉਸਦੇ ਸਰਵਸ੍ਰੇਸ਼ਟ ਜੀਵ ਦੇ ਵਰਤਾਰੇ ਦੇ ਰੰਗਾਂ ਦਾ ਮੁਲਾਂਕਣ ਤੇ ਨਿਰੂਪਣ ਵੀ ਕੀਤਾ ਹੈ। ਰਿਸ਼ਤਿਆਂ ਦੇ ਸੱਚ, ਆਦਮੀ ਦੇ ਸਵਾਰਥ ਭਰੇ ਜੀਵਨ ਤੇ ਅਫ਼ਸਰਾਂ ਦੀ ਮੋਟੀ ਚਮੜੀ ਤੇ ਦੂਹਰੇ ਮਾਪਦੰਡਾਂ, ਪਖੰਡਾਂ ਤੇ ਦੰਡਾਂ ਨੂੰ ਝੱਲਦਿਆਂ ਜੀਵਨ ਨੂੰ ਕੁਦਰਤ ਦੇ ਸੰਗ ਜੋੜ ਕੇ ਭਰਪੂਰਤਾ ਨਾਲ ਜੀਵਿਆ ਹੈ। ਦੇਖਿਆ ਕਿ ਬੰਦਾ ਆਪਣੇ ਦੁੱਖ ਤੋਂ ਪ੍ਰੇਸ਼ਾਨ ਨਹੀਂ ਸਗੋਂ ਦੂਸਰੇ ਦੇ ਸੁੱਖ ਤੋ ਹੈ! ਹੱਸਦਿਆਂ-ਨੱਚਦਿਆਂ ਨੂੰ ਵੇਖ ਕਈਆਂ ਦੇ ਮਨ 'ਚ ਈਰਖਾ ਦਾ ਭਾਵ ਪੈਦਾ ਹੋਇਆ। ਇਹ ਗੂੰਜ ਨਾਜ਼ਰਾਂ ਤੱਕ ਵੀ ਪਹੁੰਚੀ। ਖੈਰ! ਡਰ ਨਾਂ ਦੀ ਚੀਜ਼ ਰਹੀ ਹੀ ਨਹੀਂ ਸੀ! ਬੱਸ ਤੇ ਬੱਸ! ਇੱਕ ਪਰਮ-ਪਿਤਾ ਪ੍ਰਮੇਸ਼ਰ ਦਾ ਡਰ ਛੱਡ ਸਭ ਡਰ ਚਲਾਇਮਾਨ ਹੋ ਗਏ।

ਕਹਿੰਦੇ ਹਨ, ਜਦੋਂ ਲੋਕ ਕਵਿਤਾ ਨਾਲੋਂ ਟੁੱਟ ਜਾਣ ਤਾਂ ਉਹ ਹੋਰ ਭਾਵੇਂ ਕੁੱਝ ਬਣ ਜਾਣ, ਮਨੁੱਖ ਨਹੀਂ ਬਣ ਸਕਦੇ। ਕਵਿਤਾ ਨਾਲੋਂ ਟੁੱਟੀ ਰਯਤ ਜ਼ਰਖੇਜ ਮਿੱਟੀ ਨੂੰ ਜਲਦੀ ਹੀ ਬੰਜਰ ਭੂਮੀ ਵਿੱਚ ਤਬਦੀਲ ਕਰ ਦੇਂਦੀ ਹੈ, ਪਰ ਕਵਿਤਾ ਤਾਂ ਦਿਲ 'ਚੋਂ ਉਪਜੀ ਮਿੱਠੇ ਪਾਣੀ ਦੀ ਸਰਿਤਾ ਵਾਂਗ ਹੁੰਦੀ ਹੈ ਜੋ ਹਿਸਾਬੀ-ਕਿਤਾਬੀ ਦਿਮਾਗਾਂ ਤੇ ਪੈਸੇ ਦੇ ਪੀਰ ਬੰਦਿਆਂ ਦੀ ਬੰਜਰ ਹੋਈ ਆਤਮਾ ਨੂੰ ਆਬ-ਏ-ਹਯਾਤ ਨਾਲ ਸਿੰਜਦੀ ਹੋਈ, ਹਰੀਆਂ-ਭਰੀਆਂ ਫ਼ਸਲਾਂ ਦੀ ਤਰ੍ਹਾਂ ਖੇੜਾ ਪ੍ਰਦਾਨ ਕਰਦੀ ਹੋਈ ਠਾਠਾਂ ਮਾਰਨ ਲਾ ਦੇਂਦੀ ਹੈ।

ਕਵਿਤਾ ਨਾਲ ਜੁੜਕੇ, ਅਸਾਂ ਬਹੁਤ ਦੁਸ਼ਵਾਰੀਆਂ ਦਾ ਮੁਕਾਬਲਾ ਕੀਤਾ। ਸਹਿਜ ਅਵਸਥਾ 'ਚ ਪ੍ਰਵੇਸ਼ ਹੁੰਦਾ ਗਿਆ, ਸੰਵੇਦਨਸ਼ੀਲਤਾ ਵੱਧਦੀ ਗਈ। ਕਵਿਤਾ ਕਰਕੇ ਅਸੀਂ ਕਾਦਰ ਤੇ ਕੁਦਰਤ ਨਾਲ ਜੁੜੇ ਤੇ ਕੁਦਰਤ ਤੇ ਕਾਦਰ ਨਾਲ ਜੁੜਨ ਕਰਕੇ ਕਵਿਤਾ ਆਪ-ਮੁਹਾਰੇ ਕਲਮ ਦੀ ਨੋਕ ਤੇ ਆਉਣ ਲੱਗੀ। ਭਾਵੇਂ ਕਾਦਰ ਦੇ ਰਸ-ਰੰਗਾਂ ਦਾ ਵਖਿਆਨ ਕਰਨਾਂ ਕਲਮ ਦੀ ਨੋਕ ਦੇ ਵੱਸ ਦਾ ਕੰਮ ਨਹੀਂ, ਪਰ ਫਿਰ ਵੀ ਕਲਮ ਕਾਦਰ ਤੇ ਕੁਦਰਤ ਦੀ ਬੁੱਕਲ ਵਿੱਚੋਂ ਟਪਕਦੇ ਸੱਚ, ਸੁੰਦਰਤਾ ਅਤੇ ਦਿੱਬਤਾ ਵੱਲ ਇਸ਼ਾਰੇ ਕਰਦੀ ਹੈ।

ਇਸ ਤੋਂ ਪਹਿਲਾਂ ਪਾਠਕਾਂ ਨੂੰ ਪਲੇਠਾ ਕਾਵਿ-ਸੰਗ੍ਰਿਹ 'ਪਰਵਾਜ਼' ਅਗਸਤ ੨੦੦੪ ਵਿੱਚ ਪੇਸ਼ ਕਰ ਚੁੱਕਾ ਹਾਂ।ਹੱਥਲੇ ਕਾਵਿ ਸੰਗ੍ਰਿਹ 'ਮੈਦਾਨ ਤੋਂ ਘਾਟੀ ਤੱਕ!' ਵਿੱਚ ਕੁਦਰਤ ਤੇ ਕਾਦਰ ਦੇ ਕੁੱਝ ਕੁ ਹੋਰ ਰੰਗਾਂ ਨੂੰ ਛੋਹਿਆ ਗਿਆ ਹੈ।ਇਸ ਵਿੱਚ ੨੦੦੪ ਤੋਂ ਲੈ ਕੇ ਅੱਜ ਤੱਕ ਰਚੀਆਂ ਗਈਆਂ ਕਵਿਤਾਵਾਂ ਵਿੱਚੋਂ ਕੁੱਝ ਕੁ ਪੇਸ਼ ਹਨ। ਬਾਕੀ ਦੀਆਂ ਅਗਲੇ ਕਾਵਿ-ਸੰਗ੍ਰਿਹ 'ਚ ਪਾਠਕਾਂ ਤੱਕ ਜਲਦੀ ਪਹੁੰਚਾਣ ਦੀ ਕੋਸ਼ਿਸ਼ ਕੀਤੀ ਜਾਵੇਗੀ। ਕਲਮ ਜਿੰਨਾਂ ਕੁ ਤੇ ਜਿਵੇਂ ਦਾ ਵੀ ਛੋਪਾ ਅਟੇਰ ਸਕੀ, ਪਾਠਕਾਂ ਦੇ ਹੱਥ ਦੇ ਕੇ ਖੁਸ਼ੀ ਮਹਿਸੂਸ ਕਰ ਰਿਹਾ ਹਾਂ। ਇਸ ਦੀ ਤੰਦ ਕਿੰਨੀ ਕੁ ਪੱਕੀ ਤੇ ਰੰਗ ਕਿੰਨਾ ਕੁ ਮਜੀਠ ਹੈ, ਇਹ ਪਾਠਕ ਹੀ ਤਹਿ ਕਰਨਗੇ।

ਪੱਥਰਾਂ ਦੇ ਨਗਰ-ਨਗਰੀਆਂ 'ਚ ਵੱਸਦੇ-ਵੱਸਦੇ ਪੱਥਰ ਨਾ ਹੋ ਜਾਈਏ, ਇਸ ਲਈ ਕੁਦਰਤ ਦੀ ਬੁੱਕਲ 'ਚੋਂ ਕਸ਼ੀਦੀਆਂ, ਕਾਦਰੀ ਰੰਗ ਦੀਆਂ ਕੁੱਝ ਕੁ ਮਕਰੰਦੀ ਬੂੰਦਾਂ ਪੇਸ਼ ਹਨ। ਫਿੱਕੀਆਂ ਲੱਗੀਆਂ ਤਾਂ ਮੁਆਫ਼, ਮਿੱਠੀਆਂ ਲੱਗੀਆਂ ਤਾਂ, ਧੰਨਵਾਦ!

ਬੱਸ! ਮੈਦਾਨ ਤੋ ਘਾਟੀ ਤੱਕ ਦੇ ਸਫ਼ਰ ਦੌਰਾਨ ਕਸ਼ੀਦੀਆਂ ਕੁੱਝ ਕੁ ਮਕਰੰਦੀ ਬੂੰਦਾਂ ...

ਧੰਨਵਾਦ ਸਹਿਤ।


'ਮਨੇਸ'.
#2556, ਅਰਬਨ ਅਸਟੇਟ, ਫੇਜ਼-2, ਭਾਗ-2.
ਪਟਿਆਲਾ, ਪੰਜਾਬ-147102।
ਮੋ. 09779280034 (ਪੰਜਾਬ)
09622713900 (ਕਸ਼ਮੀਰ)

# ਧੰਨਵਾਦ

'ਮੈਦਾਨ ਤੋਂ ਘਾਟੀ ਤੱਕ!' ਕਾਵਿ-ਸੰਗ੍ਰਿਹ ਸ਼ਾਇਦ ਪਾਠਕਾਂ ਦੇ ਹੱਥਾਂ ਵਿੱਚ ਨਾ ਪਹੁੰਚਦਾ ਜੇਕਰ ਮੇਰੀ ਪਤਨੀ ਸ੍ਰੀਮਤੀ ਪਰਮਜੀਤ ਕੌਰ ਤੇ ਇਕਲੌਤਾ ਬੇਟਾ, ਸੁਤੰਤਰਪਾਲ ਸਿੰਘ 'ਮਨੇਸ' ਆਪਣੇ ਬਹੁਤ ਹੀ ਕੀਮਤੀ ਸਮੇਂ ਚੋਂ ਸਮਾਂ ਤੇ ਪਿਆਰ ਸਤਿਕਾਰ ਨਾਲ਼ ਸਹਿਯੋਗ ਨਾ ਦੇਂਦੇ। ਉਹਨਾਂ ਨੇ ਹਮੇਸ਼ਾ ਹੀ ਮੇਰੀ ਲੇਖਣੀ ਨੂੰ ਉਤਸ਼ਾਹਿਤ ਕੀਤਾ, ਜਿਸ ਲਈ ਉਹ ਮਾਣ-ਸਤਿਕਾਰ, ਪਿਆਰ ਤੇ ਧੰਨਵਾਦ ਦੇ ਸਦੀਵੀਂ ਪਾਤਰ ਹਨ।

ਮੈਂ ਸ. ਜਗਰੂਪ ਸਿੰਘ, ਲੱਲ ਕਲਾਂ ਦਾ ਵੀ ਧੰਨਵਾਦੀ ਹਾਂ, ਜਿਹਨਾਂ ਨੇ ਆਪਣੇ ਵਿਅਕਤੀਗਤ ਸਮੇਂ ਚੋਂ ਸਮਾਂ ਕੱਢ ਕੇ, ਠੰਡੇ ਮੌਸਮ ਵਿੱਚ ਕਾਵਿ-ਸੰਗ੍ਰਿਹ ਦਾ ਖਰੜਾ ਕੰਪਿਊਟਰੀਕ੍ਰਿਤ ਕੀਤਾ।

'ਮਨੇਸ'

## ਇਜ਼ਤੋ ਏਹਤਰਾਮ

ਪ੍ਰਥਮੇਂ ਝੁਕਾਂ ਸਿਰਜਣਹਾਰ ਨੂੰ
ਜਿਸ ਬਖਸ਼ੇ ਨੇ ਪ੍ਰਾਣ
ਫਿਰ ਆਪਣੇ ਮਾਈ ਬਾਪ ਨੂੰ
ਜਿਨ੍ਹ ਵੱਡਾ ਕੀਤਾ ਪਾਲ

ਫਿਰ ਸਰਸਵਤੀ ਗੁਰਦੇਵ ਨੂੰ
ਜਿਨ੍ਹ ਬਖਸ਼ਿਆ ਵਿਦਿਆ ਦਾਨ
ਫਿਰ ਪਿੰਡ ਮੌਲਵੀਵਾਲ ਨੂੰ
ਜਿਸ ਦੀਆਂ ਜੂਹੀਂ ਹੋਏ ਜਵਾਨ

ਫਿਰ ਧਰਤੀ ਪੰਜ ਦਰਿਆ ਦੀ
ਜਿਸ ਦੇ ਵੱਡੇ ਬਹੁਤ ਅਹਿਸਾਨ
ਫਿਰ ਹਿੰਦੋਸਤਾਨ ਮਹਾਨ ਨੂੰ
ਜਿੱਥੇ ਚੋਗ ਚੁਗਾਂ ਦਿਨ ਰਾਤ

ਫਿਰ ਆਪਣੀਂ ਕਲਮ ਦਵਾਤ ਨੂੰ
ਜੋ ਕਾਦਰ ਦਾ ਵਰਦਾਨ
ਫਿਰ ਪਾਠਕ ਵਰਗ ਤਮਾਮ ਨੂੰ
ਜਿਸ ਤੇ 'ਮਨੇਸ' ਹੁਰਾਂ ਨੂੰ ਮਾਣ.

•

## ਪੰਜਾਬ ਲਈ ਦੁਆਵਾਂ

ਮੇਰੇ ਸੋਹਣੇ ਦੇਸ ਪੰਜਾਬ
ਤੇਰੀਆਂ ਰੁਮਕਣ ਸੁਖਦ ਹਵਾਵਾਂ
ਤੇਰੀ ਸਰਬ ਸਲਾਮਤੀ ਦੀਆਂ
ਮੰਗਾਂ ਰਾਤੀਂ ਦਿਨੇ ਦੁਆਵਾਂ।

ਖ਼ਲਕਤ ਤੇਰੀ ਸੁਖੀ ਵੱਸੇ
ਖੁਸ਼ੀ ਵੱਸਣ ਸਾਰੀਆਂ ਮਾਂਵਾਂ
ਨਜ਼ਰ ਸਵੱਲੀ ਰੱਖੇ ਸਤਿਗੁਰ
ਤੇਰੀਆਂ ਟਲੀਆਂ ਰਹਿਣ ਬਲਾਂਵਾਂ।

ਦੁਨੀਆਂ ਦੇ ਸੁਨੱਖੇ ਖਿੱਤੇ
ਤੈਨੂੰ ਅਰਸ਼ੋਂ ਮਿਲਣ ਛੁਹਾਵਾਂ
ਹਰ ਪਲ ਤੇਰਾ ਖੁਸ਼ੀਆਂ ਵੰਡੇ
ਵਿੱਚ ਸੱਭੇ ਭੈਣ ਭਰਾਵਾਂ।

ਤੂੰ ਹਰਿਆਵਲ ਧਰਤ ਰਹੇਂ
ਦਿਲ 'ਚੋਂ ਉੱਠਣ ਦੁਆਂਵਾਂ
ਚਾਰ ਦਿਸ਼ਾਈਂ ਰੰਗਬਰੰਗੀਆਂ
ਤੇਰੇ ਕਲਮਾਂ ਕਰਨ ਫੁਟਾਰਾਂ।

ਸੋਹਣੇ ਲੱਗਣ ਬੀਜ ਤੇ ਬੂਟੇ
ਖਾਲੀ ਪਈਆਂ ਜੋ ਥਾਂਵਾਂ
ਨਵੀਂ ਪਨੀਰੀ ਰੱਜ ਕੇ ਮਾਣੇ
ਫਲ਼ ਤੇ ਠੰਡੀਆਂ ਛਾਂਵਾਂ।

ਮਾਖਿਓਂ ਮਿੱਠੀ ਬੋਲੀ ਤੇਰੀ
ਵਧੇ ਫੁੱਲੇ ਮਾਹ ਬਾਰਾਂ
ਅੰਮ੍ਰਿਤ ਜਿਹੀ ਰਸੀਲੀ ਬਾਣੀ
ਛੱਡਦੀ ਰਹੇ ਝਣਕਾਰਾਂ।

ਫ਼ਨੀਅਰ ਨਾਗ਼ ਨਜ਼ਰ ਨਾ ਆਵਣ
ਭ੍ਰਿਸ਼ਟਾਚਾਰ ਨਸ਼ੇ ਧੰਨ ਕਾਲਾ
ਐਸੇ ਮਾਂਦਰੀ ਪੈਦਾ ਹੋਵਣ
ਸੀਕ ਲੈਣ ਵਿਸ਼ ਸਾਰਾ।

ਸ਼ਾਲਾ! ਤੈਨੂੰ ਦਾਤਾ ਬਖਸ਼ੇ
ਕਾਬਲ ਨਾਜ਼ਰ ਤੇ ਸਰਕਾਰਾਂ
ਰੌਸ਼ਨ ਹੋਵੇ ਦੁਨੀਆਂ ਅੰਦਰ
ਪੰਜ ਪਾਣੀਆਂ ਦਾ ਸਿਰਨਾਵਾਂ।

•

## ਵਾਹ ਚੜ੍ਹਦਿਆ ਸੂਰਜਾ!

ਵਾਹ ਚੜ੍ਹਦਿਆ ਸੂਰਜਾ!
ਤੇਰੀ ਬੜੀ ਪਿਆਰੀ ਆਹਟ ਵੇ!
ਸੋਨੇ ਵਰਗੀਆਂ ਕਿਰਣਾਂ ਨੇ
ਤੇਰੀ ਨਿੱਘੀ ਏ ਗਰਮਾਹਟ ਵੇ!

ਪਾ ਅਜਬ ਛੁਹਾਵਾਂ ਤੇਰੀਆਂ
ਪੰਛੀ ਛੇੜਨ ਮਿੱਠਾ ਰਾਗ ਵੇ!
ਪੌਣਾਂ ਨੱਚਣ ਵਾਂਗ ਨਾਚਿਆਂ
ਖੁਸ਼ਬੋਆਂ ਵੰਡਦੀਆਂ ਜਾਣ ਵੇ!

ਕਣ-ਕਣ 'ਚ ਅੰਗੜਾਈ ਭਰ ਜਾਏ
ਮਧੁਰ ਭੌਰਿਆਂ ਦੀ ਗੂੰਜਾਨ ਵੇ!
ਹੱਸ-ਹੱਸ ਕੇ ਫ਼ੁੱਲ ਹੋਣ ਬਾਵਰੇ
ਆ ਮੱਖੀਆਂ ਪੀਣ ਖੁਮਾਰ ਵੇ!

ਅੰਮ੍ਰਿਤ ਸਾਰੇ ਵਰਸਦਾ
ਹੋਏ ਪੁਲਕਿਤ ਕਾਇਆ-ਨਾਤ ਵੇ!
ਚੜ੍ਹਦਾ ਵਿੱਚ ਅਸਮਾਨੇ ਜਾਪੇਂ
ਜਿਉਂ ਧਰਤੀ ਦਾ ਸਮਰਾਟ ਵੇ!

•

# ਨਾਦ ਫਜ਼ਰ ਦਾ

ਚਿੜੀ ਚੂਕ ਪਈ ਰਾਤ ਮੂਕ ਗਈ
ਫਜ਼ਰ ਦਾ ਹੈ ਆਗਾਜ਼ ਕਿਆ!
ਅੰਮ੍ਰਿਤ ਰਿਮਝਿਮ ਵਰਸ ਰਿਹਾ ਏ
ਤੇ ਚੱਲੇ ਸੁਰੀਲਾ ਰਾਗ ਕਿਆ!

ਕੋਇਲਾਂ ਵੀ ਸੁਰ ਛੇੜ ਦਿੱਤੀ ਏ
ਹੁਣ ਬਣਿਆ ਹੈ ਸੁਰਤਾਲ ਕਿਆ!
ਗਾਫ਼ਿਲ ਉੱਠਕੇ ਬਹਿ ਜਾ ਤੂੰ ਵੀ
ਸੁਣ ਚੱਲੇ ਸੁਰੀਲਾ ਨਾਦ ਕਿਆ!

ਹੁਣ ਪੰਖੇਰੂ ਹੋਰ ਵੀ ਆ ਗਏ
ਏਹਨਾਂ ਦੀ ਚਹਿਰਾਟ ਕਿਆ!
ਮੱਖੀਆਂ ਉੱਡਕੇ ਫ਼ੁੱਲੀਂ ਆ ਗਈ
ਭੌਰਿਆਂ ਦੀ ਗੂੰਜਾਰ ਕਿਆ!

ਕਣ-ਕਣ ਪੁਲਕਿਤ ਜਾਪਦਾ ਏ
ਤੇ ਹੱਸਦੀ ਕਾਇਆਨਾਤ ਕਿਆ!
ਫ਼ੁੱਲ ਸੁਗੰਧਾਂ ਛੱਡ ਰਹੇ ਨੇ
ਖੁਸ਼ ਪੌਣਾਂ ਦੀ ਮੁਸਕਾਣ ਕਿਆ!

ਲਾਲੀ ਵੇਖ ਫਜ਼ਰ ਨੇ ਫੜ ਲਈ
ਇਸ ਦੀ ਹੈ ਲਲਿਆਟ ਕਿਆ!
ਪਾਂਧੀ ਆਪਣੇ ਰਾਹੀਂ ਤੁਰ ਪਏ
ਲੰਮੀ ਹੁਣ ਹੈ ਵਾਟ ਕਿਆ!

ਤਾਰਾ ਵੇਖ ਫਜ਼ਰ ਦਾ ਕਿੱਦਾਂ
ਕਰਦਾ ਹੈ ਅਰਦਾਸ ਪਿਆ!
ਨਾ ਜਾਗਣ ਹੁਣ ਮੁੱਲਾਂ ਭਾਈ
ਪਾ ਦੇਣਾ ਬਰਲਾਟ ਜਿਆ!

ਰਿਸਮਾਂ ਆ ਕੇ ਕਲੀਆਂ ਚੁੰਮੀਆਂ
ਪੱਤੀਆਂ ਦੀ ਅੰਗੜਾਹਟ ਕਿਆ!
ਚਾਰ ਚਫ਼ੇਰੇ ਸੰਗੀਤ ਪਸਰਿਆ
ਚੜਦਾ ਸੂਰਜ ਹੈ ਸਮਰਾਟ ਕਿਆ!

ਰੋਮ-ਰੋਮ ਵਿੱਚ ਮਸਤੀ ਛਾ ਗਈ
ਖਿੜਿਆ ਹੈ ਗੁਲਜ਼ਾਰ ਕਿਆ!
ਵਾਹ! ਉਏ ਦਾਤਾ ਤੇਰੀਆਂ ਰਮਜ਼ਾਂ!
ਏਹਨਾਂ ਦੀ ਗਹਿਰਾਟ ਕਿਆ!

•

# ਮਰਦ ਅਗੰਮੜਾ

ਵਾਹ! ਵਾਹ! ਮਰਦ ਅਗੰਮੜਾ
ਨੀਲੇ ਘੋੜੇ ਦਾ ਅਸਵਾਰ
ਇੱਕ ਹੱਥ ਕਾਨੀ ਓਸ ਦੇ
ਦੂਜੇ ਹੱਥ ਵਿੱਚ ਸੀ ਤਲਵਾਰ।

ਹੱਥ ਵਿੱਚ ਉਹਦੇ ਬਾਜ਼ ਸੀ
ਸਿਰ ਕਲਗੀ ਦੀ ਸ਼ਾਨ
ਸ਼ਾਨ ਸੀ ਉਹੋ ਸਿੰਘਾਂ ਦੀ
ਗੋਬਿੰਦ ਗੁਰ ਸਰਦਾਰ।

ਨੌ ਸਾਲੀ ਬਾਲ ਵਰੇਸ ਨੇ
ਮੱਥਾ ਲਾਇਆ ਦਿੱਲੀ ਨਾਲ
ਹਿੰਦ ਦੀ ਚਾਦਰ ਵਾਰ ਕੇ
ਰੱਖੀ ਹਿੰਦ ਦੀ ਆਣ।

ਔਰੰਗੇ ਦੇ ਜ਼ੁਲਮ ਨੂੰ
ਕੀਤਾ ਮੂਲ ਨਾ ਪ੍ਰਵਾਨ
ਹੀਲੇ ਜਦ ਸਭ ਹਾਰ ਗਏ
ਫਿਰ ਖਿੱਚ ਲਈ ਤਲਵਾਰ।

'ਨੰਦਪੁਰੇ ਪਹਾੜੀਆਂ 'ਚ
ਸੀ ਕੀਤਾ ਇੱਕ ਕਮਾਲ
ਫੋਜ ਗੁਰੂ ਦੀ ਲਾਡਲੀ
ਦੇ ਸਾਜੀ ਅੰਮ੍ਰਿਤ ਪਾਣ।

ਆਪੇ ਹੀ ਗੁਰ ਬਣ ਗਿਆ
ਤੇ ਬਣਿਆ ਚੇਲਾ ਆਪ
ਦੱਬੀ ਕੁਚਲੀ ਕੌਮ ਵਿੱਚ
ਉਸ ਫੂਕ ਦਿੱਤੀ ਸੀ ਜਾਨ।

ਚਿੜੀਆਂ ਨਾਲ ਲੜਾ ਤਾ
ਸੀਗਾ ਉਸ ਨੇ ਬਾਜ਼
ਤਾਂਹੀਂ ਉਹ ਕਹਾ ਗਿਆ
ਮਰਦ ਅਗੰਮੜਾ ਨਾਮ।

ਅੰਮ੍ਰਿਤ ਬਾਟਾ ਓਸ ਨੇ
ਕੀਤਾ ਆਪ ਤਿਆਰ
ਬਖਸ਼ੇ ਪੰਜ ਕਕਾਰ ਸੀ
ਕੀਤੀ ਫ਼ੌਜ ਤਿਆਰ।

ਗੜੀ ਅਨੰਦਪੁਰ ਬੈਠ ਕੇ
ਕੀਤੇ ਖ਼ੂਬ 'ਭਿਆਸ
ਜਾਂਬਾਜ਼ ਸਿੰਘ ਸੂਰਮੇ
ਮੈਦਾਨੇ ਭੜਥੂ ਪਾਣ।

ਉੱਠਕੇ ਮਰਦ ਅਗੰਮੜੇ
ਵੈਰੀ ਦਿੱਤੇ ਸੀ ਲਲਕਾਰ
ਇੱਕ ਇੱਕ ਕਰਕੇ ਓਸਨੇ
ਜਿੱਤੇ ਜੰਗ ਬਾਈ ਵਾਰ।

ਧਨੀ ਤੇਗ਼ ਦੇ ਵੱਲ ਬਈ
ਕੀਹਦੀ ਹਿੰਮਤ ਜਾਏ ਝਾਕ
ਉਸ ਪਾ ਤੜਥੱਲੂ ਰੱਖਿਆ
ਤਾਂਈਂ ਦਿੱਲੀ ਦੀ ਸਰਕਾਰ।

ਔਰੰਗਾ ਬਹੁਤ ਮਕਾਰ ਸੀ
ਘੁੰਮਿਆ ਕਰ 'ਕਰਾਰ
ਧੋਖੇ ਚਾੜੀ ਫ਼ੌਜ ਸੀ
ਜਦ ਹੋਏ ਕਿਲੇ 'ਚੋਂ ਬਾਹਰ।

ਸਰਸਾ ਕੰਢੇ ਵਿੱਛੜਿਆ
ਬਾਜ਼ਾਂ ਵਾਲੇ ਦਾ ਪਰਿਵਾਰ
ਘਣਛਾਵਾਂ ਬੂਟਾ ਵਾਰਿਆ
ਦਿੱਤੇ ਪੁੱਤਰ ਚਾਰੋ ਵਾਰ।

ਕੁਰਬਾਨੀ ਹੈ ਲਾਸਾਨੀ ਜੱਗ ਤੇ
ਨੰਬਰ ਇੱਕ ਤਿਆਗ
ਪਰਿਵਾਰ ਵਾਰ ਕੇ ਰੱਖ ਗਿਆ
ਜੀਵਤ ਕਈ ਹਜ਼ਾਰ।

ਜ਼ੁਲਮ ਹੱਦਾਂ ਸੀ ਲੰਘਿਆ
ਢਾਇਆ ਕਹਿਰ ਔਰੰਗੇ ਆਣ
ਲਿਖਿਆ ਜ਼ਫ਼ਰਨਾਮਾ ਸੂਰਮੇ
ਉਹਦੇ ਦਿੱਤੇ ਵਿੰਨ ਪ੍ਰਾਣ।

ਸਕਿਆ ਝੱਲ ਨਾ ਤਾਬ ਨੂੰ
ਹੋ ਗਿਆ ਪੜ ਪ੍ਰੇਸ਼ਾਨ
ਥੋਥਾ ਘੁਣ ਜਿਉਂ ਹੋ ਗਿਆ
ਗਿਆ ਜਲਦੀ ਛੱਡ ਪ੍ਰਾਣ।

ਸਾਹਿਬੇ ਗੁਰੂ ਕਮਾਲ ਨੇ
ਰਚੀਆਂ ਕਈ ਬਾਣੀਆਂ ਆਪ
ਜਗਦੀ ਰੱਬੀ ਜੋਤ ਸੀ
ਝਰਦੀ ਬਾਣੀ ਝਰ ਝਰ ਆਪ।

ਖਿਦਰਾਣੇ ਦੀ ਢਾਬ ਨੂੰ
ਰਹਿੰਦੀ ਦੁਨੀਆ ਰੱਖੂ ਯਾਦ
ਜਿੱਥੇ ਟੁੱਟੀ ਗੰਢ ਕੇ ਆਪਨੇ
ਚਾਲ਼ੀ ਮੁਕਤੇ ਕੀਤੇ ਮਾਫ਼।

ਤਲਵੰਡੀ ਸਾਬੋ ਆਣਕੇ
ਕੀਤਾ ਸੀ ਵਿਸ਼ਰਾਮ
ਰਚਿਆ ਗੁਰੂ ਗ੍ਰੰਥ ਸੀ
ਲਾਏ ਦਮਦਮੇ ਨੂੰ ਭਾਗ।

ਨਾਂਦੇੜ 'ਚ ਡੇਰਾ ਲਾ ਤਾ
ਛੱਡ ਦਮਦਮਾਂ ਸਾਹਿਬ
ਜੋਤੀ ਜੋਤ ਸਮਾ ਗਏ
ਗੁਰੂ ਯਾਰਵਾਂ ਥਾਪ।

ਤੇਰੀ ਰਹੂ ਕਹਾਣੀ ਜੱਗ ਤੇ
ਜਿਚਰ ਚੰਨ ਤਾਰੇ ਅਸਮਾਨ
ਤੇਰੇ ਜੇਹਾ ਕਲਗੀਆਂ ਵਾਲਿਆ
ਕੋਈ ਨਾ ਰਚ ਸਕੂ ਇਤਿਹਾਸ।

•

# ਪਾਣੀ

ਪਹਿਲਾਂ ਪਾਣੀ ਜੀਵ ਹੈ
ਜਿਤ ਹਰਿਆ ਸਭ ਕੋਇ
ਮਾਰੂਥਲ ਜਾ ਵੇਖ ਲਓ
ਭੁੱਜ ਮਰਿਆ ਸਭ ਕੋਇ।

ਆਦਮ ਉੱਥੇ ਵੱਸਿਆ
ਨਦੀਆਂ ਦੀ ਜੋ ਭੋਂਇ
ਇਮਾਰਤਾਂ ਛੂਹਣ ਆਕਾਸ਼
ਸ਼ਹਿਰ ਪਾਟਣੇ ਹੋਇ।

ਪਾਣੀ ਦਾ ਰੰਗ ਆਪਣਾ
ਬਾੜੀ ਦੂਣ ਸਵਾਈ ਹੋਇ
ਜਿੱਥੇ ਪੈਂਦਾ ਸੋਕੜਾ
ਦੂਰ ਦੁਰੇਡੇ ਰੱਕੜ ਹੋਇ।

ਜਿੱਥੇ ਹੜ੍ਹ ਹੈ ਆਂਵਦਾ
ਖ਼ੂਬ ਤਬਾਹੀ ਹੋਇ
ਬੰਨ ਉਸਾਰੇ ਜਿਨ੍ਹਾਂ ਨੇ
ਦੁਨੀਏਂ ਮੋਹਰੀ ਹੋਇ।

ਬੰਦਿਆ! ਪਾਣੀ ਦੇ ਸਰੋਤ ਸਭ
ਆ ਤੈਥੋਂ ਗੰਦੇ ਹੋਇ
ਵਧਿਆ ਦੁਨੀਏਂ ਸੋਕੜਾ
ਵਿਸਫੋਟ ਲੋਕਾਂ ਦਾ ਹੋਇ।

ਪਾਣੀ ਜੀਵਨ ਦਾਨ ਹੈ
ਸਾਂਭ ਨਾ ਤੈਥੋਂ ਹੋਇ
ਵਿਕੇ ਪਿਆ ਵਿੱਚ ਥੈਲੀਆਂ
ਦੁੱਧ ਨਾਲੋਂ ਮਹਿੰਗਾ ਹੋਇ।

ਸਮਾਂ ਆ ਗਿਆ ਕੋਝੜਾ
ਪਾਣੀ ਸਭ ਪ੍ਰਦੂਸ਼ਿਤ ਹੋਏ
ਬੰਬ ਬੰਦੂਕਾਂ ਰਾਕਟਾਂ
ਵਿੰਨਣੀ ਮਿੱਠ ਪਾਣੜੀ ਭੋਂਇ।

ਰੱਖ ਸਰੋਤ ਸੰਭਾਲ ਕੇ
ਨਾਲ਼ੇ ਨਦੀਆਂ ਝੀਲਾਂ ਟੋਇ
ਕੋਈ ਨਾਂ ਕਮੀਆਂ ਰਹਿਣੀਆਂ
ਜੇ ਤੁਰੀਏ ਮੋਹਰੀ ਹੋਏ।

ਭਾਰਤ ਦੇਸ਼ ਵਿਸ਼ਾਲ ਹੈ
ਨਦੀਆਂ ਦੀ ਇਹ ਭੋਂਇ
ਕਿਧਰੇ ਸੋਕਾ ਵਰਤਦਾ
ਕਿਧਰੇ ਹੈ ਹੜ੍ਹ ਹੋਇ।

ਆਓ! ਨਦੀਆਂ ਜੋੜੀਏ
ਨਾਲ ਚੱਲੇ ਸਭ ਕੋਇ
ਕੋਈ ਨਾ ਕਾਣੋਂ ਰਹਿਣੀਆਂ
ਜੇ ਪਾਣੀ ਸਾਂਵਾਂ ਹੋਇ।

•

## ਵਾਹ ਓਏ ਉੱਡਦਿਆ ਬੱਦਲਾ!

ਵਾਹ ਓਏ ਉੱਡਦਿਆ ਬੱਦਲਾ!
ਕੋਈ ਨਾ ਤੇਰੇ ਜੇਹਾ ਤੈਰਾਕ
ਨਾ ਪੈਰ ਤੇ ਹੱਥ ਹਿਲਾਂਵਦਾ
ਨਾ ਪੰਖ ਕਰੇਂ ਗਤੀਮਾਨ।

ਉੱਪਰ ਵਾਲੇ ਬਖਸ਼ਿਆ
ਕਿਆ ਏ ਤੈਨੂੰ ਮਾਣ!
ਲੱਖ ਟਨਾਂ ਦਾ ਭਾਰ ਚੁੱਕ
ਉੱਡ ਪਏਂ ਪੰਖ ਸਮਾਨ!

ਸੋਮਾਂ ਮਿੱਠੇ ਅੰਮ੍ਰਿਤ ਦਾ
ਭਰਿਆ ਬੂੰਦਾਂ ਨਾਲ
ਬੂੰਦ ਬੂੰਦ ਵਰਸਾਵਦਾਂ
ਕਰੇਂ ਪੁਲਕਿਤ ਕਾਇਅਨਾਤ।

ਭੇਦ-ਭਾਵ ਨਾ ਜਾਣਦਾ
ਨਾ ਜਾਣੇ ਰੰਗ ਤੇ ਜਾਤ
ਸਾਵਾਂ ਹੋ ਕੇ ਵਰਸਦਾ
ਦਿਨ ਹੋਵੇ ਚਾਹੇ ਰਾਤ।

ਕਿਆ ਪਿਆਰੀ ਚੀਜ਼ ਹੈਂ!
ਸੱਭੇ ਕੜੀਆਂ ਤਾਈਂ ਆਜ਼ਾਦ
ਹੱਦਾਂ ਬੰਨੇ ਟੱਪ ਜਾਏਂ
ਰੋਕੇ ਲਸ਼ਕਰ ਨਾ ਰਾਜਾਨ!

'ਮਨੇਸਾ ਵੇਖ ਪਰਵਾਜ਼ ਨੂੰ
ਕਿੰਝ ਉਡਦਾ ਫਿਰੇ ਆਜ਼ਾਦ
ਲੱਖ ਦਰਜ਼ੇ ਚੰਗਾ ਤੁਧ ਤੋਂ
ਉਏ! ਗੁਲ਼ਾਮ ਤੂੰ ਮਖ਼ਲੂਕਾਤ!

•

# ਨਿਕੋ ਚਿੜੀ !

ਨਿਕੋ ਚਿੜੀ ਨੇ ਆਣ ਕੇ
ਲਾਈ ਕਦੋਂ ਦੀ ਰੱਟਨੀ
ਬੈਠ ਟਾਹਣੀਏ ਰਚੀ ਰੰਗਾਂ ਵਿੱਚ
ਨਾਮ ਨਿਰੰਤਰ ਜਪਦੀ।

ਸੋਨੇ ਵਰਗੀ ਕਲਗੀ
ਪੂੰਜੜ ਕਾਲੇ ਰੰਗ ਦੀ
ਨਾ ਅੱਕਦੀ ਨਾ ਥੱਕਦੀ ਏ
'ਖੰਡ ਪਾਠਣ ਕੋਈ ਲੱਗਦੀ।

ਕੱਲੀ ਬੈਠੀ ਕਰੇ ਤਪੱਸਿਆ
ਪਿੱਪਣੀ ਮੂਲ ਨਾ ਤਪਦੀ
ਅਲਾਪ ਇਲਾਹੀ ਜਾਪਦਾ
ਸ਼ੋਰ ਮਨੇ ਦਾ ਕੱਪਦੀ।

ਬੇਖ਼ਬਰੀ ਦੇ ਆਲਮ ਅੰਦਰ
ਰੰਗ ਕਾਦਰੀ ਰੰਗ ਗਈ !
ਚਾਰ ਚੁਫ਼ੇਰੇ ਨੂਰ ਪਸਰਿਆ
ਜਾਦੂ ਜੇਹਾ ਕਰ ਗਈ !

•

# ਪਿੱਪਲਾ ਵੇ !

ਪਿੱਪਲਾ ਵੇ ਮਾਣ ਮੱਤਿਆ!
ਬੜੇ ਨਾਜ਼ ਨਾਲ ਖੜਾ ਲਹਿਰਾਏਂ
ਅਸਾਂ ਨੂੰ ਤੈਂ ਕੀ ਮਾਣ ਵੱਖਰਾ
ਰੂਹ ਸਾਡੀ ਨੂੰ ਹਲੂਣਾ ਦੇ ਜਾਏਂ।

ਪੱਤਾ ਪੱਤਾ ਤੇਰਾ ਨੱਚਦਾ
ਜਦੋਂ ਪੌਂਣ ਦਾ ਫਰਾਟਾ ਆਏ
ਪੰਖੇਰੂ ਸੁਭਾ ਸ਼ਾਮ ਚਹਿਕਦੇ
ਜਾਪੇ ਗੀਤ ਤੂੰ ਇਲਾਹੀ ਗਾਏਂ।

ਤੀਆਂ ਦਾ ਤਿਉਹਾਰ ਆਂਵਦਾ
ਮੇਲਾ ਨੱਡੀਆਂ ਦਾ ਥੱਲੇ ਲੱਗ ਜਾਏ
ਅੰਬਰੀਂ ਤੂਫਾਨ ਉੱਠਦਾ
ਹਿੱਕ ਪੱਤਿਆਂ ਨੂੰ ਜਦੋਂ ਟਕਰਾਏ।

ਤਿੱਪ ਤਿੱਪ ਬੂੰਦਾਂ ਵਹਿੰਦੀਆਂ
ਜਦੋਂ ਬੱਦਲੀ ਆਣ ਵਰ੍ਹ ਜਾਏ
ਫੁਹਾਰਾਂ ਕੋਲੋਂ ਆਣ ਠੰਡੀਆਂ
ਝੋਕਾ ਜਦੋਂ ਕੋਈ ਸ਼ੈਤਾਨੀ ਕਰ ਜਾਏ।

ਵੇ ਤੇਰਾ ਸੰਸਾਰ ਵੱਖਰਾ!
ਰੀਸ ਕੌਣ ਤੇਰੀ ਕਰਕੇ ਵਖਾਏ
ਰੁੱਖਾਂ ਦਾ ਤੂੰ ਜਾਪੇਂ ਬਾਦਸ਼ਾਹ
ਜਾਪੇ ਤੇਰੇ ਉੱਤੇ ਵੱਸਦਾ ਖ਼ੁਦਾਏ!

ਪ੍ਰਾਣਾਂ 'ਚ ਉਛਾਲ ਉੱਠਦਾ
ਜਦੋਂ ਆਣ ਕੇ 'ਮਨੇਸ' ਡੇਰਾ ਲਾਏ।
ਜਿੱਥੇ ਜਾਈਏ ਬੂਟੇ ਤੇਰੇ ਲਾਂਵਦੇ
ਤਾਂਹੀਉਂ ਰਾਸ ਨਾ ਜਮਾਨੇ ਨੂੰ ਆਏ।

ਪਿੱਪਲਾ ਵੇ ਮਾਣ ਮੱਤਿਆ!
ਬੜੇ ਨਾਜ਼ ਨਾਲ ਖੜਾ ਲਹਿਰਾਏਂ
ਅਸਾਂ ਨੂੰ ਤੈਂ ਕੀ ਮਾਣ ਵੱਖਰਾ
ਰੂਹ ਸਾਡੀ ਨੂੰ ਹਲੂਣਾ ਦੇ ਜਾਏਂ।

•

## ਪੰਜਾਬ ਵੇਖ ਲੈ!

ਆਜਾ ਮੇਰੇ ਬੱਲਿਆ
ਪੰਜਾਬ ਵੇਖ ਲੈ!
ਸਾਡੇ ਖੇਤਾਂ ਵਿੱਚ ਨੱਚਦੀ
ਬਹਾਰ ਵੇਖ ਲੈ।

ਗਿੱਧਾ ਭੰਗੜਾ ਕਮਾਲ
ਸਾਡੀ ਸ਼ਾਨ ਵੇਖ ਲੈ
ਵਹਿੰਦੇ ਦੁੱਧ ਦਰਿਆ
ਤੂੰ ਰਵਾਨ ਵੇਖ ਲੈ!

ਗੁਰੂ ਪੀਰਾਂ ਦੀ ਏ ਧਰਤੀ
ਮਜ਼ਾਰ ਵੇਖ ਲੈ
ਗੁਰਬਾਣੀ ਏ ਰਸੀਲੀ
ਝਣਕਾਰ ਵੇਖ ਲੈ।

ਰੱਬੀ ਰਹਿਮਤਾਂ ਦੀ
ਹੁੰਦੀ ਬਰਸਾਤ ਵੇਖ ਲੈ
ਸਾਨੂੰ ਉਸ ਦੀਆਂ ਰੱਖਾਂ
ਅੱਖੀਂ ਆਣ ਵੇਖ ਲੈ।

ਕੋਠੇ ਕੋਠੇ ਉੱਚੇ ਬੋਹਲ਼
ਤੂੰ ਅੰਬਾਰ ਵੇਖ ਲੈ
ਪੰਜਾਂ ਪਾਣੀਆਂ ਦਾ ਮਾਣ
ਤੂੰ ਕਿਸਾਨ ਵੇਖ ਲੈ।

ਦਿਲਾਂ ਡੂੰਘਿਆਂ ਦੀ ਆਣ
ਕਰਾਮਾਤ ਵੇਖ ਲੈ
ਮਿੱਠੇ ਪਾਣੀ ਦਾ ਕਮਾਲ
ਤੂੰ ਜਲਾਲ ਵੇਖ ਲੈ।

ਇੱਥੇ ਖਾਣ ਪੀਣ ਖੁੱਲ੍ਹਾ
ਸਾਡੀ ਠਾਠ ਵੇਖ ਲੈ
ਫੜੀ ਇੱਕ ਹੱਥ ਮਾਲਾ
ਦੂਜੇ ਤਲਵਾਰ ਵੇਖ ਲੈ।

ਸਾਡੇ ਗੁਰੂਆਂ ਦੀ ਰਚੀ
ਗ਼ੁਲਜ਼ਾਰ ਵੇਖ ਲੈ
ਆਜਾ ਮੇਰੇ ਬੱਲਿਆ
ਪੰਜਾਬ ਵੇਖ ਲੈ!

•

## ਫ਼ੁੱਲ

ਫ਼ੁੱਲ ਚਮਕਾਰਾ ਕੁਦਰਤ ਦਾ
ਖੁਸ਼ਬੋ ਦੀ ਹੱਟ ਲਗਾਂਦੇ ਨੇ
ਮਸਤ ਭੌਰਿਆਂ ਤਿਤਲੀਆਂ ਨੂੰ
ਬੂੰਦ ਮਖੀਰ ਚਖਾਂਦੇ ਨੇ।

ਫ਼ੁੱਲ ਲੁਟਾ ਖੁਸ਼ਬੋਆਂ ਨੂੰ
ਧੂਹਾਂ ਰੂਹੀਂ ਪਾਂਦੇ ਨੇ
ਤੋੜ ਇਹਨਾਂ ਨੂੰ ਮੂਰਖ ਬੰਦੇ
ਦਿਲ ਕਾਦਰ ਨਾ ਭਾਂਦੇ ਨੇ।

ਜੋ ਫ਼ੁੱਲਾਂ ਨੂੰ ਤੋੜ ਕੇ ਐਵੇਂ
ਦੇਵੀ ਦੇਵ ਚੜ੍ਹਾਂਦੇ ਨੇ
ਉਹੋ ਲੋਕ ਪਖੰਡੀ ਹੁੰਦੇ
ਨਿਸ਼ਰਧਾ ਫ਼ੁੱਲ ਚੜ੍ਹਾਂਦੇ ਨੇ!

ਜਿਹੜੇ ਲੋਕੀਂ ਵਿੱਚ ਗਲਾਂ ਦੇ
ਫ਼ੁੱਲ ਦੇ ਹਾਰ ਪਵਾਂਦੇ ਨੇ
ਅੰਦਰੋਂ ਵਾਂਗ ਹਵਾ ਦੇ ਹਲਕੇ
ਮੈਂ ਨੂੰ ਪੱਠੇ ਪਾਂਦੇ ਨੇ।

•

## ਪੁੰਚਰਾਜ!

ਵੇ! ਪੁੰਨਿਆਂ ਦੇ ਚੰਨਾ!
ਚਾਨਣੀ ਕਿਆ ਸੰਜੋਈ ਹੋਈ ਏ!
ਪਈ ਚੱਲਦੀ ਨਿਸ਼ਾ ਏ ਸ਼ਾਂਤ
ਤੇ ਡੂੰਘੀ ਚੁੱਪ ਸਮੋਈ ਹੋਈ ਏ!

ਤੇਰਾ ਚੱਲਦਾ ਪਿਆ ਏ ਰਾਜ
ਤੇ ਤਾਰਾ ਕੋਈ ਕੋਈ ਏ!
ਹੈ ਪੁਲਕਿਤ ਕਾਇਆਨਾਤ
ਤੇ ਤਪਸ਼ ਪਲੋਈ ਹੋਈ ਏ!

ਤੇਰੇ ਆਸ਼ਕ ਨੇ ਬਰਬਾਦ
ਨੀਂਦਰਾ ਖੋਈ ਹੋਈ ਏ!
ਤੇਰਾ ਵੇਖ ਵੇਖ ਪ੍ਰਕਾਸ਼
ਚਕੋਰੀ ਮੋਈ ਹੋਈ ਏ!

ਹੁਣ ਹੋ ਜਾਣੀ ਪ੍ਰਭਾਤ
ਪਾਟਣੀ ਲੋਈ ਕੋਈ ਏ!
ਹਾਏ! ਤੇਰਾ ਖੁੱਸ ਜਾਣੈਂ ਰਾਜ
ਧੁਰੋਂ ਗੱਲ ਹੋਈ ਹੋਈ ਏ!

•

# ਇਲਾਹੀ ਬੂਟਾ!

ਇੱਕ ਬੂਟਾ ਸੀ ਬਾਗ਼ੇ ਅੰਦਰ
ਫ਼ੁੱਲ ਨੀਲੇ ਸੀ ਆਏ
ਹਰੀਆਂ ਪੀਲੀਆਂ ਪੱਤੀਆਂ
ਫ਼ੁੱਲਾਂ ਥੱਲੇ ਸੀਸ ਝੁਕਾਏ।

ਕੰਜਕ ਕਿਸੇ ਕੁਆਰੀ ਕੰਨੀਂ
ਜਿਉਂ ਸੀ ਝੁਮਕੇ ਪਾਏ
ਜਦ ਪੈਂਦੀ ਸੀ ਨਜ਼ਰ ਅਸਾਂ ਦੀ
ਖਾ ਖਾ ਰੂਹ ਹੁਲਾਰੇ ਜਾਏ।

ਸੀ ਇਲਾਹੀ ਨੂਰ ਬੂਟੇ ਤੇ
ਵੇਖਕੇ ਸੂਰਜ ਵੀ ਸ਼ਰਮਾਏ
ਪੱਤੀਆਂ ਨੇ ਸੀ ਫ਼ੁੱਲਾਂ ਅੰਦਰ
ਸੁਖਦੀ ਰੰਗ ਜਮਾਏ।

ਕੱਲ ਮ ਕੱਲਾ ਰਹਿਮਤ ਅੱਲਾ
ਚਾੜ੍ਹੀ ਰੰਗਤ ਖ਼ੂਬ ਖ਼ੁਦਾਏ!
ਰਹਿੰਦਾ ਸੀ ਖੁਸ਼ਬੋਈਆਂ ਵੰਡਦਾ
ਦਿਨ ਭਰ ਹੱਟ ਲਗਾਏ।

ਇੱਕ ਚਿੜੀਆ ਸੀ ਰੋਜ਼ ਆਣ ਕੇ
ਪਲ ਦੋ ਪਲ ਮਿਲ ਜਾਏ
ਲਾ ਹਾਜ਼ਰੀ ਚਿੜੀਆ ਸੋਹਣੀ
ਮਾਰ ਉਡਾਰੀ ਜਾਏ।

ਦੀਨ ਦੁਨੀਂ ਤੋਂ ਬਖ਼ਖਬਰ ਨੇ
ਰੰਗ ਕਾਦਰੀ ਪਾਏ
ਬੈਠ ਸੰਗਤ ਅਸਾਂ ਰੰਗਤ ਮਾਣੀ
ਆਇਆ ਨਜ਼ਰ ਖੁਦਾਏ।

•

## ਆ ਕੇ ਬਾਬਾ ਨਾਨਕਾ!

ਆ ਕੇ ਬਾਬਾ ਨਾਨਕਾ!
ਫੇਰ ਰਬਾਬ ਵਜਾ
ਰੁੜਦੇ ਹੋਏ ਪੰਜਾਬ ਦੀ
ਬੇੜੀ ਬੰਨੇ ਲਾ।

ਮਨਮੁੱਖ ਹੋ ਕੇ ਬਾਣੀਉਂ
ਪਏ ਕਸੂਤੇ ਰਾਹ
ਛੇੜ ਸੁਰੀਲੀ ਤਾਨ ਨੂੰ
ਸਿੱਧੇ ਪਾ ਤੂੰ ਰਾਹ।

ਮਿੱਠਤ ਪੰਜਾਂ ਪਾਣੀਆਂ ਦੀ
ਦਿੱਤਾ ਜ਼ਹਿਰ ਮਿਲਾ
ਟੁੱਟੀ ਤੰਦ ਪਿਆਰ ਦੀ
ਵਗਿਆ ਦਾਰੂ ਦਾ ਦਰਿਆ।

ਸੋਹਣੇ ਪੁੱਤ ਪੰਜਾਬ ਦੇ
ਪੈ ਗਏ ਪੌਂਡੀਂ ਰਾਹ
ਮਹਿਕਾਂ ਵਤਨੀਂ ਭੁੱਲ ਗਏ
ਪ੍ਰਦੇਸੀਂ ਦਿਲੇ ਲਗਾ।

ਨਸ਼ੇ ਜਵਾਨੀ ਖਾ ਗਏ
ਪਾਏ ਕੀਰਨੇ ਮਾਂ
ਨਾਮ ਖੁਮਾਰੀ ਨਾਨਕਾ
ਫੇਰ ਪਿਆ ਕੇ ਜਾ।

ਤੂੰਬੀ ਯਮਲੇ ਜੱਟ ਦੀ
ਤੁਰ ਗਈ ਏ ਕੁਰਲ਼ਾ
ਕਾਨੀ ਜੱਟ 'ਮਨੇਸ' ਦੀ
ਤੈਨੂੰ ਰਹੀ ਬੁਲਾ।

•

## ਰੂਹ ਦਾ ਨਾਚ

ਮੈਂ ਸਾਂ ਮਾਰੀ ਰੱਜ ਰੁਝੇਵੇਂ ਵੇ!
ਮੈਨੂੰ ਕੋਹਿਆ ਆਣ ਅਕੇਵੇਂ ਵੇ!
ਸਾਂ ਮੈਂ ਲੈਂਦੀ ਪਈ ਵਲੇਵੇਂ ਵੇ!
ਪਈ ਤੁਰ ਮੈਂ ਲਾਹੁਣ ਥਕੇਂਵੇ ਵੇ।

ਫੂਕ ਕੇ ਮਾਲ੍ਹ ਚਰੱਖੜੀ ਤੰਦੀ ਵੇ!
ਮੈਂ ਸਾਹ ਲਿਆ ਸਾਗਰ ਕੰਢੀ ਵੇ!
ਆਹ! ਨੱਚਦੀਆਂ ਨੱਚਦੀਆਂ ਛੱਲੀਂ ਵੇ!
ਮੈਂ ਹੋ ਗਈ ਸਾਥਣ ਸੰਗੀ ਵੇ!

ਉੱਥੇ ਪੌਣਾਂ ਸੀ ਨਸ਼ਿਆਈਆਂ ਵੇ!
ਭੱਜ ਭੱਜ ਵੱਲ ਮੇਰੇ ਨੂੰ ਆਈਆਂ ਵੇ!
ਸੀ ਮੁੱਦਤਾਂ ਦੀਆਂ ਤ੍ਰਿਹਾਈਆਂ ਵੇ!
ਅਸਾਂ ਘੁੱਟ ਘੁੱਟ ਜੱਫੀਆਂ ਪਾਈਆਂ ਵੇ।

ਸੀ ਸੂਰਜ ਸੋਹਣ ਸੁਨਿਹਰੀ ਬੱਲੀ ਵੇ!
ਮੈਂ ਗਈ ਉੱਡ ਦਿਸਹੱਦੇ ਵੱਲੀਂ ਵੇ!
ਹੋਈ ਪੀ ਪੀ ਕਿਰਣਾਂ ਟੱਲੀ ਵੇ!
ਪਾਈ ਨੱਚ ਨੱਚ ਕੇ ਤਰਥੱਲੀ ਵੇ!

ਸੀ ਠੰਢੀ ਰੇਤ ਸਪੰਜੀ ਵੇ!
ਮੈਂ ਭਰ ਭਰ ਚੁੱਘੀਆਂ ਨੱਸੀ ਵੇ!
ਗਈ ਅੰਗੋਂ ਅਗਨ ਉਧੱਲੀ ਵੇ!
ਮੈਂ ਉੱਡ ਪਈ ਅੰਬਰਾਂ ਵੱਲੀਂ ਵੇ!

ਏਹ ਸੀ ਐਸਾ ਨਾਚ ਕਲੱਲਾ ਵੇ!
ਮੈਨੂੰ ਸਮਝ ਨਾ ਆਇਆ ਮੱਲ੍ਹਾ ਵੇ!
ਅੱਜ ਵੀ ਯਾਦ ਕਰਾਂ ਤਾਂ ਨੱਚਾਂ ਵੇ!
ਕਿਆ ਕੁਦਰਤ ਤੇਰੀ ਅੱਲ੍ਹਾ ਵੇ!

•

## ਮਾਨਸੂਨ

ਤਪਸ਼ ਸੂਰਜ ਦੀ ਆਣ ਕੇ
ਦੇ ਧਰਤ ਸਮੁੰਦਰ ਤਾਣ
ਪਏ ਉੱਠ ਤਰੰਗ ਸਮੁੰਦਰੀਂ
ਦੇ ਧਰਤੀ ਤਾਈਂ ਵਰਦਾਨ।

ਤਾਰੀਆਂ ਲਾਉਂਦੀਆਂ ਬੱਦਲੀਆਂ
ਆਣ ਭੁਆਂਟੀਆਂ ਖਾਣ
ਅੰਮ੍ਰਿਤ ਸਾਰੇ ਵਰਸਦਾ
ਜਿਉਂ ਮੋਤੀਆਂ ਦੀ ਬਰਸਾਤ।

ਧਰਤੀ ਲੋਅ ਵਲੂੰਦਰੀ 'ਚੋਂ
ਖ਼ੁਸ਼ਬੂ ਲੱਗਦੀ ਆਣ
ਤੁਖ਼ਮ ਧਰਤ ਦੀ ਕੁੱਖ 'ਚੋਂ
ਆਣ ਝਾਕਦਾ ਬਾਹਰ।

ਘਾਹ ਰੁੱਖ ਤੇ ਝਾੜੀਆਂ
ਲਟਬੌਰੀਆਂ ਹੁੰਦੀਆਂ ਜਾਣ
ਚਾਰ ਚੁਫ਼ੇਰਾ ਕੁਦਰਤ ਢੱਕੇ
ਸਾਵੀਂ ਬੁੱਕਲ ਨਾਲ।

ਕੋਇਲਾਂ ਅੰਬੀਂ ਬੈਠਕੇ
ਕੂਹ ਕੂਹ ਗੀਤ ਸਨਾਣ
ਸੋਹਣੀ ਤੇਰੀ ਕੁਦਰਤ ਦਾ
ਤਿੱਤਰ ਕਰਨ ਅਲਾਪ।

ਖੰਭੀਆਂ ਕੱਢ ਕੇ ਕੀੜੀਆਂ
ਅਸਮਾਨੇ ਭਰਨ ਉਡਾਣ
ਮਸਤੀ ਆਲਮ ਫੈਲਦੀ
ਪਿਆਰ ਦੀ ਫੁੱਟੇ ਫੁਹਾਰ।

ਹਰ ਪਾਸੇ ਕੁਦਰਤ ਹੱਸਦੀ
ਹਰ ਚਿਹਰੇ ਤੇ ਮੁਸਕਾਣ
ਕੁਦਰਤ ਨਿੱਖਰੀ ਜਾਪਦੀ
ਜਿਉਂ ਦੁਲਹਨ ਪਹਿਲੀ ਰਾਤ।

ਅਜ਼ਬ ਜੂਆ ਤੂੰ ਖੇਲਦੀ
ਨਾਲ ਸਾਡੇ ਕਿਰਸਾਨ
ਤੂੰ ਜਿੱਤੇਂ ਉਹੋ ਜਿੱਤਦਾ
ਤੂੰ ਹਾਰੇਂ ਉਸਦੀ ਹਾਰ!

ਤੂੰ ਹੈਂ ਰਹਿਮਤ ਰੱਬ ਦੀ
ਭਰ ਦਏਂ ਅੰਨ ਭੰਡਾਰ
ਜੇ ਸ਼ੈਤਾਨੀ ਖ਼ੇਲ ਜਾਏਂ
ਹੋਵਣ ਲੋਕ ਮੁਥਾਜ।

'ਮਨੇਸ' ਦੁਆਵਾਂ ਮੰਗਦਾ
ਤੂੰ ਜਿੱਤੇਂ ਹਰ ਸਾਲ
ਨਾਲ ਤੇਰੀ ਨੀਂ ਜਿੱਤ ਦੇ
ਨੱਚ ਉੱਠੇ ਕਿਰਸਾਨ।

•

# ਸਿਫ਼ਤੀ ਦਾ ਘਰ

ਹਰਿਮੰਦਰ ਹਰ ਮੰਦਰ ਬਈ!
ਸਿਫ਼ਤੀ ਦੁਨੀਆਂ ਅੰਦਰ ਬਈ!
ਰਾਮਦਾਸ ਦੀ ਨਗਰੀ ਸੋਹਣੀ
ਅਪਾਰ ਵੱਸੇ ਜੋ ਸੰਘਣ ਬਈ!

ਭਾਈਚਾਰੇ ਦੀ ਤੰਦ ਪੱਕੇਰੀ
ਰੱਖੀ ਨੀਂਹਾਂ ਅੰਦਰ ਬਈ!
ਊਚ ਨੀਚ ਨਾ ਭਾਸਦੀ
ਸੰਗਤ ਪੰਗਤ ਅੰਦਰ ਬਈ।

ਕਿਰਤ ਕਰੋ ਤੇ ਵੰਡ ਛਕੋ
ਦਏ ਸੁਨੇਹਾ ਮੰਦਰ ਬਈ!
ਦਿਨ ਰਾਤੀਂ ਹੈ ਚੱਲਦਾ ਰਹਿੰਦਾ
'ਤੁੱਟ ਗੁਰੂ ਦਾ ਲੰਗਰ ਬਈ!

ਅੰਮ੍ਰਿਤ ਜੇਹੀ ਰਸੀਲੀ ਬਾਣੀ
ਝਣਕਾਰ ਛੇੜਦੀ ਅੰਦਰ ਬਈ!
ਆਪਾ ਬੰਦਾ ਭੁੱਲਦਾ ਜਾਂਦਾ
ਪੈਰ ਧਰਦਿਆਂ ਅੰਦਰ ਬਈ।

ਕਲਸ਼ ਸੁਨਿਹਰੀ ਚਮਕਾਂ ਮਾਰਨ
ਲਟਕਣ ਛੱਬੇ ਅੰਦਰ ਬਈ!
ਸਿੱਖੀ ਦੀਆਂ ਝਲਕਾਂ ਵੇਖੋ!
ਦੁਨੀਆਂ ਵਿੱਚ ਇੱਕ ਨੰਬਰ ਬਈ!

ਸੁਣ ਸਰੋਦੀ ਬਾਣੀ ਏਥੇ
ਜਾਏ ਆਤਮਾ ਪੰਘਰ ਬਈ!
ਝਣਕਾਰ ਨਾਲ਼ ਹੈ ਫ਼ਰਸ਼ ਗੂੰਜਦਾ
ਜਾਏ ਗੂੰਜਦਾ ਅੰਬਰ ਬਈ!

ਰਾਤ ਨਜ਼ਾਰਾ ਅਜ਼ਬ ਏਸ ਦਾ
ਮਹਿਕ ਨੂਰਾਨੀ ਪਸਰਦੀ!
ਵਿੱਚ ਸਰੋਵਰ ਅਰਸ਼ ਉੱਤਰਦਾ
ਜਦ ਚਮਕਾਂ ਮਾਰੇ ਚੰਦਰ ਬਈ!

ਝੁੱਗੋ ਜੁੱਗੋ ਅਟੱਲ ਹਯਾਤੀ
ਰੂਹ ਮੀਰੀ ਪੀਰੀ ਅੰਦਰ ਬਈ!
ਨਿਮਰਤਾ ਦੀ ਏਹ ਨਿਸ਼ਾਨੀ
ਨਾ ਦੁਨੀਏ ਐਸਾ ਮੰਦਰ ਬਈ!

ਚਾਰ ਦਵਾਰ ਨੇ ਸੱਦਾ ਦੇਂਦੇ
ਪੂਰਬ ਪੱਛਮ ਉੱਤਰ ਦੱਖਣ ਬਈ!
ਸ਼ਰਧਾ ਰੱਖ ਕੇ ਗਹਿਰੀ ਆਉਂਦੇ
ਲੋਕਾਂ ਲਈ ਦੁੱਖ ਭੰਜਨ ਬਈ!

ਜੋ ਰੂਹਾਂ ਜੁੜ ਜਾਵਣ ਏਥੇ
ਉਹੋ ਬਣਦੀਆਂ ਕੰਚਨ ਬਈ!
ਨਹੀਂ ਤਾਂ ਬੰਦਾ ਨੂਰ ਗਵਾਏ
ਬਣਕੇ ਬੰਦਰ ਡੰਗਰ ਬਈ!

ਏਥੇ ਜਿਨ੍ਹੇ ਵੈਰ ਪਾਲਿਆ
ਖਾਧਾ ਧੋਖਾ ਓਸ ਪਤੰਦਰ ਬਈ!
ਕਲਮ ਸਿਰਾ ਉਹਦਾ ਸਿੰਘਾਂ ਕੀਤਾ
ਚਾਹੇ ਰਾਣੀ ਰਾਜਾ ਰੰਘੜ ਬਈ!

ਸ਼ੈਤਾਨ ਜਦੋਂ ਵੀ ਆਏ ਚੜ੍ਹਕੇ
ਕਰਨ ਵਾਸਤੇ ਖੰਡਰ ਬਈ!
ਜ਼ੋਰ 'ਮਨੇਸਾ' ਚੱਲਿਆ ਨਾਹੀਂ
ਉਹ ਭੱਜੇ ਖਾ ਕੇ ਖੰਜ਼ਰ ਬਈ!

•

## ਮਾਂਡਵੀ

ਇੱਕ ਘੁੱਗ ਵੱਸੋਂਦੀ ਨਗਰੀ
ਜੋ ਵੱਸਦੀ ਵਿੱਚ ਗੁਜਰਾਤ
ਸੋਹਣ ਸਮੁੰਦਰੀ ਬੀਚ ਹੈ
ਤੇ ਮਾਂਡਵੀ ਏਹਦਾ ਨਾਮ।

ਐਤਵਾਰ ਦਾ ਆਏ ਦਿਹਾੜਾ
ਲੱਗੇ ਮੇਲਾ ਖ਼ਲਕਤ ਲਾਣ
ਬੁੱਢੇ ਬੱਚੇ ਮਾਪੇ ਆਵਣ
ਮੁੰਡੇ ਕੁੜੀਆਂ ਆਣ ਜਵਾਨ।

ਕੋਈ ਟੱਟੂ ਚੜ ਭਜਾਵਦਾ
ਕੋਈ ਬਣਦਾ ਊਠ ਸਵਾਰ
ਆ ਖ਼ੂਬ ਮਨਾਉਂਦੇ ਮਸਤੀਆਂ
ਭੱਜ ਭੱਜ ਟੁੱਬੀਆਂ ਲਾਣ।

ਦੂਰ ਦੂਰ ਤੱਕ ਸ਼ਾਂਤ ਏ
ਕੋਈ ਨਾ ਰੁੱਖ ਮਕਾਨ
ਹੈ ਸਾਗਰ ਠਾਠਾਂ ਮਾਰਦਾ
ਤੇ ਛੱਲਾਂ ਕਰਦੀਆਂ ਰਾਜ।

ਜੈਟੀ ਨਾਲ ਕਿਨਾਰੇ ਦੇ
ਉਹ ਵੀ ਏਹਦੀ ਸ਼ਾਨ
ਜਹਾਜ਼ ਖਲੋਂਦੇ ਆਣ ਕੇ
ਸਾਰਾ ਸਾਗਰ ਛਾਣ।

ਨਾਲ ਕਿਨਾਰੇ ਬੀਚ ਦੇ
ਚੱਕੀਆਂ ਪਾਣ ਘੂਕਾਟ
ਮੈਂਗਰੋ ਈਦਾਂ ਜਾਪਦੇ
ਜਿਉਂ ਕਾਨ੍ਹ ਪਹਿਨਿਆ ਤਾਜ।

ਪੌਣ ਕਰੇ ਅਠਖੇਲੀਆਂ
ਕਰ ਕਰ ਕੂਲੇ ਵਾਰ
ਤਨ 'ਚੋਂ ਉੱਠ ਤਰੰਗ ਪਏ
ਤੇ ਮਨ ਵੀ ਦੇਂਦੀ ਠਾਰ।

ਇੱਥੇ ਕੁਦਰਤ ਪਾਂਦੀ ਬਾਘੀਆਂ
'ਮਨੇਸਾ' ਅਜਬ ਵੱਸੇ ਸੰਸਾਰ
ਜੀਅ ਕਰੇ ਰਹਾਂ ਘੁੰਮਦਾ
ਆ ਸੁਭਾ ਦੁਪਿਹਰੇ ਸ਼ਾਮ।

•

## ਠੰਡੀਏ ਹਵਾਏ !

ਠੰਡੀਏ ਹਵਾਏ ਤੂੰ ਤਾ
ਬੜੀ ਏਂ ਸ਼ੈਤਾਨ ਨੀ!
ਕਰਦੀ ਏ ਛੇੜ ਛਾੜ
ਘਰ ਸਾਡੇ ਆਣ ਨੀਂ!

ਤੇਰੀ ਏਹ ਛੇੜ ਛਾੜ
ਬੜੀ ਏ ਕਮਾਲ ਨੀ!
ਤੈਨੂੰ ਚੜੇ ਮਸਤੀ ਨਾ
ਸਾਨੂੰ ਚੜਦਾ ਖੁਮਾਰ ਨੀ!

ਨੱਚ ਨੱਚ ਆਉਂਦੀ ਤੂੰ
ਹਵੇਲੀ ਪੈਰ ਪਾਣ ਨੀ!
ਰਹਿਣ ਸਿਰ ਫਿਰੇ ਕੂਕਦੇ
'ਮਨੇਸ' ਨਹੀਉਂ ਪਾਕ ਨੀ!

ਕਿੱਧਰੋਂ ਤੂੰ ਆਂਵਦੀ ਏਂ
ਤੇ ਕਿੱਧਰ ਨੂੰ ਜਾਂਵਦੀ!
ਸੋਹਣੀ ਤੇਰੀ ਚਾਲ ਵੇਖ
ਭੇਦ ਗਏ ਜਾਣ ਨੀ!

ਮਿੱਠੀ ਤੇਰੀ ਲੋਰੀ ਬੜੀ
ਗੂਹੜੀ ਸਾਡੀ ਨੀਂਦ ਨੀ!
ਸਿਰ ਫਿਰੇ ਜਾਣਦੇ ਨਾ
ਸਾਡੀ ਏਹ ਪ੍ਰੀਤ ਨੀ!

ਰੂਹ ਸਾਡੀ ਨੱਚ ਉੱਠੇ
ਜਦੋਂ ਲੋਰੀ ਦਏਂ ਆਣ ਨੀਂ!
ਤਨ 'ਚੋਂ ਤਰੰਗ ਉੱਠੇ
ਮਨ ਚੜ੍ਹੇ ਅਸਮਾਨ ਨੀ!

ਕਦੇ ਤੂੰ ਹੈ ਆਂਵਦੀ
ਤੇ ਕਦੇ ਕਰੇਂ ਟਾਲ਼ ਨੀ!
ਸਮਝ ਨਾ ਆਏ ਸਾਨੂੰ
ਗ਼ਾਫਲੇ ਸ਼ੈਤਾਨ ਨੀਂ!

•

# ਤਿਪਕ ਰਾਗ

ਸੂਰਜ ਧਰਤੀ ਤਾਪ ਚੜ੍ਹਾਇਆ
ਜੰਤ ਜੀਵ ਸਭ ਮਰਨ ਤੇ ਆਇਆ
ਇੰਦਰ ਅੱਖੋਂ ਨੀਰ ਵਹਾਇਆ
ਉਸਨੇ ਤਿਪਕ ਰਾਗ ਸੁਣਾਇਆ।

ਬੱਦਲ ਗੜ-ਗੜ ਗੱਜ ਗਰੜਾਇਆ
ਕੂਲਾਂ ਕਲਵਲ ਗੀਤ ਸੁਣਾਇਆ
ਡੱਡੂਆਂ ਟਰੈਂ-ਟਰੈਂ ਦਾ ਰੱਟ ਲਾਇਆ
ਬੀਂਡਿਆਂ ਟੀਂ-ਟੀਂ ਝੱਟ ਸੁਣਾਇਆ।

ਸ਼ੀਤਲ ਪੌਣਾਂ ਰੰਗ ਵਿਖਾਇਆ
ਹਰ ਕੋਈ ਫਿਰਦਾ ਸੀ ਨਸ਼ਿਆਇਆ
ਖਲਕਤ ਭੁੱਜੀ ਸੁੱਖ ਸਾਹ ਆਇਆ
ਸਵਰਗ ਥੱਲੇ ਸੀ ਉੱਤਰ ਆਇਆ।

ਰਹਿਮਤ ਵੰਡਦਾ ਫਿਰੇ ਖੁਦਾਇਆ
ਕਿਣਮਿਣ ਕਿਣਮਿਣ ਕਣੀਆਂ ਗਾਇਆ
ਕਵਿਤਾ ਦਾ ਹੜ੍ਹ ਛੁੱਟ ਸੀ ਆਇਆ
ਕਲਮ 'ਮਨੇਸ' ਹਲੂਣਾ ਖਾਇਆ।

•

## ਆਲ੍ਹਣਾ

ਚਿੜੀ ਦਾ ਜੰਗਲੀਂ ਆਲ੍ਹਣਾ
ਵਿੱਚ ਪਲ਼ਦਾ ਬੋਟ ਪਿਆ
ਚੋਗ ਚੁਗਣ ਥੀਂ ਜਾਂਵਦੀ
ਮੂੰਹ ਆਉਂਦੀ ਮੇਵਾ ਪਾ।

ਜਾਂਦੀ ਰੋਜ਼ ਸੀ ਉੱਡਕੇ
ਮਨ ਵਿੱਚ ਰੱਬ ਧਿਆ
ਕਈ ਝਾਗ ਦੁਸ਼ਵਾਰੀਆਂ
ਮਿਲ਼ਦੀ ਸੰਝ ਨੂੰ ਆ।

ਪਿਆਰ ਵਿਗਸਦਾ ਉਸ ਜਗ੍ਹਾ
ਥਾਂ ਜੋ ਸੁਰਗ ਜਿਹਾ
ਲੈਣਾ ਕੀ ਲੋਕਾਈ ਤੋਂ
ਉਹਦਾ ਆਲ੍ਹਣਾ ਸੁਰਗ ਜਿਹਾ।

•

## ਮੋਰਾ!

ਨਾ ਭੱਜ ਮੋਰਾ ਸੋਹਣਿਆਂ!
ਮੈਂ ਵੇਖਾਂ ਤੇਰੇ ਰੰਗ
ਤੂੰ ਪੰਛੀ ਸੋਹਣਾ ਰੱਜ ਕੇ
ਤੇਰੇ ਰੰਗ ਬਰੰਗੜੇ ਖੰਭ।

ਵੇਖ ਕੇ ਤੈਨੂੰ ਭੱਜਦਾ
ਮੈਂ ਹੋ ਜਾਵਾਂ ਪ੍ਰੇਸ਼ਾਨ
ਕਾਨੀ ਹੱਥੇ ਰਹਿ ਜਾਏ
ਤੇਰਾ ਹੋਵੇ ਨਾ ਵਖਿਆਨ।

ਨੀਲੀ ਤੇਰੀ ਧੌਣ ਵੇ
ਕੰਡ ਤਿੱਤਰ ਦੇ ਵਾਂਗ
ਕਲਗੀ ਤੇਰੀ ਇਉਂ ਫ਼ੱਬੇ
ਕਾਨ੍ਹ ਪਹਿਨਿਆਂ ਤਾਜ।

ਜਦ ਵੇਖ ਮੋਰਨੀ ਨੱਚਦੀ
ਤੂੰ ਨੱਚੇ ਖੰਭ ਖਲ਼੍ਹਾਰ
ਤੂੰ ਵੇਖ ਘਟਾਵਾਂ ਨੱਚਦਾ
ਕਿਉਂ ਕਿਉਂ ਲਾਵੇਂ ਤਾਨ।

ਲੰਬੀ ਤੇਰੀ ਧੌਣ ਵੇ
ਜੋ ਲੱਗੇ ਸੁਰਾਹੀ ਵਾਂਗ
ਨਾਚ ਨੱਚੇਂ ਤੂੰ ਰੱਜਕੇ
ਜਿਉਂ ਨੱਚੇ ਪੰਜਾਬਣ ਨਾਰ।

ਤਿੱਖੀ ਤੇਰੀ ਚੁੰਝ ਵੇ
ਲੱਗੇ ਨਿਰੀ ਜਮੂਰੇ ਵਾਂਗ
ਸੋਹਣੀ ਤੇਰੀ ਅੱਖ ਵੇ
ਵਾਲ਼ਾਂ ਚਿੱਟਿਆਂ ਦੇ ਵਿਚਕਾਰ।

ਪੰਛੀਆਂ ਦਾ ਤੂੰ ਬਾਦਸ਼ਾਹ
ਤੂੰ ਕਾਦਰ ਦਾ ਵਰਦਾਨ
ਰੰਗ ਲਿਆ ਪ੍ਰਲੋਕ 'ਚੋਂ
ਉਸ ਬਖ਼ਸ਼ਿਆ ਤੈਨੂੰ ਮਾਣ।

ਘਰ ਸਾਡੇ ਤੂੰ ਆਣ ਕੇ
ਵੇ ਗਾਏਂ ਰਸੀਲਾ ਗਾਣ!
ਮੈਂ ਜਾਵਾਂ ਤੇਰੇ ਵੱਲ ਵੇ
ਤੂੰ ਜਾਏਂ ਉਡਾਰੀ ਮਾਰ!

ਨਾ ਉੱਡਿਆ ਕਰ ਜ਼ਾਲਮਾਂ!
ਐਵੇਂ ਹੋ ਸਾਥੋਂ ਪ੍ਰੇਸ਼ਾਨ
'ਮਨੇਸ' ਤਾਂ ਤੇਰੇ ਵੱਲ ਦਾ
ਓਹ! ਕਾਦਰ ਦੀ ਕਰਾਮਾਤ।

•

## ਘਸੀਆਂ ਜੁੱਤੀਆਂ

ਜਦ ਤੋਂ ਪਿੰਡ ਤੇ ਜੂਹਾਂ ਛੱਡੀਆਂ
ਛੱਡੀ ਗੱਲ ਹਨੇਰਾਂ ਦੀ
ਚੱਲਦੇ ਜਾਣਾ ਚੱਲਦੇ ਜਾਣਾ
ਰੇਖਾ ਸਾਡੇ ਪੈਰਾਂ ਦੀ।

ਬਚਪਨ ਵਿੱਚ ਚਰਾਏ ਮੰਗੂ
ਯਾਦ ਬਰਾਨੀ ਸੈਰਾਂ ਦੀ
ਦਾਤੇ ਰੱਜਕੇ ਦਾਤਾਂ ਦਿੱਤੀਆਂ
ਫਰਿਸ਼ਤ ਲੰਮੇਰੀ ਸ਼ੈਰਾਂ ਦੀ।

ਪੱਥਰ ਅਸੀਂ ਬਣਾਏ ਰੇਹੜੂ
ਘਾਸੇ ਪਾਏ ਰੇੜ੍ਹਾਂ ਨੀਂ!
ਖੂਬ ਨਾਜ਼ਮਾਂ ਸੈਰ ਕਰਾ ਤੀ
ਹਿੰਦੋਸਤਾਨੀ ਸ਼ਹਿਰਾਂ ਦੀ।

ਕੀ ਕਰੀਏ ਉਏ ਗੱਲ ਨਾਜ਼ਮਾਂ!
ਹੋਇਆਂ ਹੇਰਾਂ ਫੇਰਾਂ ਦੀ
ਸਾਰੀਆਂ ਹੱਦਾਂ ਪਾਰ ਕਰਗੀਆਂ
ਤੇਰੀਆਂ ਤੇਰਾਂ ਮੇਰਾਂ ਬਈ!

ਮੇਹਨਤ ਆਪਣਾ ਰੰਗ ਵਖਾਉਂਦੀ
ਨਹੀਂ ਕੀਮਤ ਤਰਲੇ ਵੈਣਾਂ ਦੀ
ਓਨੀ ਰਹਿਮਤ ਰੱਬ ਵਰਸਾਉਂਦਾ
ਘਸੇ ਜੁੱਤੀ ਜਿੰਨੀ ਪੈਰਾਂ ਦੀ।

ਮਿੱਟੀ ਸੋਨਾ ਤਾਂ ਬਣੀਂ ਏ
ਝੱਲ ਭੱਠੀ ਦੀਆਂ ਲਹਿਰਾਂ ਬਈ
ਮਿਲੀ ਈਰਖਾ ਆਪਣਿਆਂ ਤੋਂ
ਮਿਲੀ ਦੋਸਤੀ ਗ਼ੈਰਾਂ ਦੀ।

ਮਸਤ ਮਲੰਗਤ ਰੰਗਤ ਹੁੰਦੀ
ਹੁੰਦੀ ਕਵੀਆਂ ਸ਼ਾਇਰਾਂ ਦੀ
ਕੁਦਰਤ ਕਾਦਰ ਸੰਗਤ ਚੰਗੀ
ਲੋੜ ਨਾ ਮਿੱਠੇ ਜ਼ਹਿਰਾਂ ਦੀ।

ਅਜੇ ਖੁਣੀ ਏ ਸੜਕਾਂ ਉੱਤੇ
ਸ਼ਕਲ ਮੇਰਿਆਂ ਪੈਰਾਂ ਦੀ
ਘਸੀਆਂ ਜੁੱਤੀਆਂ ਪਾਰ ਕਰ ਗਈਆਂ
ਕੀਮਤ ਗੱਡੀ ਟਵੈਰਾ ਦੀ।

ਕੋਈ ਕਦਰ ਨਾ ਦੂਨੀਆਂ ਜਾਣੇ
ਗਿੱਦੜ ਵਰਗੇ ਕਾਇਰਾਂ ਦੀ
ਹੁੰਦੀ ਵੱਖਰੀ ਸ਼ਾਨ 'ਮਨੇਸਾ'
ਸ਼ੇਰ ਵਰਗਿਆਂ ਸ਼ਾਇਰਾਂ ਦੀ।

•

## ਸਾਡੀ ਕਵਿਤਾ

ਸਾਡੀ ਕਵਿਤਾ ਦਾ ਬੀ ਜੰਮਿਆ
ਸਾਡੇ ਪਿੰਡ ਪਿਆਰੇ ਮੋਲਵੀਵਾਲੇ
ਜਿੱਥੇ ਹੱਥ ਕਿਤਾਬਾਂ ਫੜਕੇ
ਅਸੀਂ ਜੂਹੀਂ ਡੰਗਰ ਚਾਰੇ।

ਮਨ ਦਾ 'ਨੇਰ ਮਿਟਾਵਣ ਲਈ
ਅਸੀਂ ਜਾ ਪੁੱਜੇ ਪਟਿਆਲੇ
ਅੱਲ੍ਹੜ ਵੇਖ ਨਾਦਾਨੀ ਸਾਡੀ
ਡੰਗਿਆ ਸੱਪ ਦੋਮੂੰਹਾਂ ਵਾਲੇ।

ਸਾਡੀ ਕਵਿਤ ਪਿਆਰੀ ਨੇ
ਫੇਰ ਆਪਣੇ ਖੰਭ ਖਲ਼ਾਰੇ
ਸੋਹਲ ਫੁੰਕਾਰੇ ਛੱਡਦੀ ਨੇ
ਸੀ ਦਿੱਤੇ ਦਰਸ ਦੀਦਾਰੇ।

ਫੇਰ ਅਸੀਂ ਗੁਰ ਨਗਰੀਂ ਪੁੱਜੇ
ਸਾਡੇ ਵਾਰੇ ਹੋਏ ਨਿਆਰੇ
ਗੁਰਾਂ ਨੇ ਸਾਨੂੰ ਮਾਣ ਬਖ਼ਸ਼ਿਆ
ਅਸਾਂ ਰੱਜ ਰੱਜ ਬੰਦੇ ਚਾਰੇ।

ਫੇਰ ਅਸੀਂ ਸਾਂ ਨੌਕਰ ਹੋ ਗਏ
ਸਾਡੀ ਪਹੁੰਚ ਹੋਈ ਸਰਕਾਰੇ
ਨਾਜ਼ਰ ਨਾਜ਼ਮ ਮਿਲ ਗਏ ਸਾਨੂੰ
ਮੋਟੀ ਚਮੜੀ ਦਿਲ ਦੇ ਕਾਲ਼ੇ।

ਘਾਟੋ ਘਾਟ ਪਿਆਇਆ ਪਾਣੀ
ਗਾਹੇ ਨਗਰ ਨਗਰੀਆਂ ਸਾਰੇ
ਚੰਬੇ ਜਿਹੀਆਂ ਨਗਰੀਆਂ ਘੁੰਮਦੇ
ਅਸੀਂ ਪਹੁੰਚ ਗਏ ਕੁੱਪਵਾੜੇ।

ਜਦ ਅਸੀਂ ਇਕਾਂਤ ਬੈਠੀਏ
ਜਾਂ ਬੱਸ ਜਾਂਦੀ ਰਫ਼ਤਾਰੇ
ਝਰਨ ਝਰਨ ਕਰ ਕਵਿਤਾ ਝਰਦੀ
ਪੈਦਾ ਕਰ ਕਰ ਹਰਫ਼ ਪਿਆਰੇ।

ਸ਼ਾਲ੍ਹਾ! ਸੋਹਣਾ ਸਫ਼ਰ ਸਦੀਵੀਂ
ਚੜੇ ਚੱਲਦਾ ਚਰਮ ਚੁਬਾਰੇ
ਕਵਿਤਾ ਕੁੱਲ੍ਹੜ ਕਿਆਰੀ ਕੁ
ਕਰਾਂ ਕੂਚ ਕੁਫ਼ਲ ਕਿਉਂ ਲਾਕੇ!

•

# ਬੂਟੇ ਨਵੀਂ ਸਵੇਰ ਦੇ!

ਵੇਖੋ! ਬਈ ਰਾਜੀਵ ਨੇ
ਕਿਆ ਸੁੰਦਰ ਬਾਗ਼ ਲਗਾਏ!
ਪਿੰਡ ਪਿੰਡ ਤੇ ਸ਼ਹਿਰ ਸ਼ਹਿਰ 'ਚੋਂ
ਚੁਣ ਚੁਣ ਸੋਹਣੇ ਬੂਟੇ ਲਾਏ!

ਪਿੱਤਰ ਸੀ ਏਹਨਾਂ ਬੂਟਿਆਂ ਦੇ
ਪ੍ਰਕਾਸ਼ ਦੇ ਖ਼ੂਬ ਤਿਹਾਏ!
ਨਵੀਂ ਪਨੀਰੀ ਖ਼ਾਤਰ ਗਾਂਧੀ
ਹਰ ਜ਼ਿਲ੍ਹੇ ਦੀਪ ਜਲਾਏ!

ਹੁਣ ਪਨੀਰੀ ਦਾ ਕੰਮ ਵਧਣਾ
ਰੱਜ ਰੱਜ ਪ੍ਰਕਾਸ਼ ਪਚਾਣਾ!
ਨਵੀਆਂ ਪੱਤੀਆਂ ਫੁੱਟ ਆਣਗੀਆਂ
ਫ਼ਲ ਵੀ ਮਿੱਠਾ ਆਣਾ!

ਦੂਰ ਦੁਰੇਡੇ ਜਾ ਬੂਟਿਆਂ
ਨਾਂ ਭਾਰਤ ਦਾ ਰੁਸ਼ਨਾਣਾ!
ਦੋਵੇਂ ਹੱਥ ਫੈਲਾ ਕੇ ਮੰਗੀਏ
ਅਸੀਂ ਏਹਨਾਂ ਲਈ ਦੁਆਵਾਂ!

•

(ਨਵੋਦਿਆ ਵਿਦਿਆਲਿਆ ਦੇ ਬੱਚਿਆਂ ਬਾਰੇ)

## ਚੋਗਾਂ !

ਬਾਪੂ ਦੇ ਸੀ ਕਈ ਪੁੱਤ
ਦੌਲਤਾਂ ਵੰਡੀਆਂ ਸਾਰੀਆਂ
ਉਹ ਬਣੇ ਪੰਖੇਰੂ ਉਡਣੇ
ਪ੍ਰਦੇਸੀਂ ਲਾਈਆਂ ਯਾਰੀਆਂ।

ਸਾਥੀ ਸਾਡੇ ਬਹੁਤ ਨੇ ਜੋ
ਰੱਖਣ ਵੱਟੀ ਸਦਾ ਤਿਆਰੀਆਂ
ਗਲ ਵਿੱਚ ਬਸਤਾ ਹੱਥ ਅਟੈਚੀ
ਰਹਿੰਦੀਆਂ ਬਣਕੇ ਬੱਸ ਸਵਾਰੀਆਂ।

ਪੇਟ ਦੀ ਅੱਗ ਬੁਝਾਣ ਲਈ
ਖੂਬ ਨੇ ਮੱਲਾਂ ਮਾਰੀਆਂ
ਛੱਤ ਨੀਲੀ ਵਾਲਾ ਜਾਣਦਾ
ਕੀ ਰੇਖ 'ਚ ਮੇਖਾਂ ਮਾਰੀਆਂ।

ਪ੍ਰਦੇਸੀਂ ਮੰਦੜੇ ਹਾਲ ਨੇ
ਪੈਂਦੀਆਂ ਪੱਲੇ ਨੇ ਦੁਸ਼ਵਾਰੀਆਂ
ਕਈ ਪੈਂਦੇ ਪਾਪੜ ਵੇਲਣੇ
ਝੱਲਣੀਆਂ ਪੈਂਦੀਆਂ ਖੂਬ ਖੁਆਰੀਆਂ।

ਕਈਂ ਪ੍ਰਦੇਸੀਂ ਰੁਲ ਗਏ
ਨਾਰਾਂ ਛੱਡਕੇ ਘਰੇ ਪਿਆਰੀਆਂ
ਕਈ ਸਮੁੰਦਰੀਂ ਡੁੱਬ ਮਰੇ
ਛੱਡ ਮਾਂਵਾਂ ਦੁਖਿਆਰੀਆਂ।

ਬੰਦਿਆ! ਦੱਸ ਤੂੰ ਚੀਜ਼ ਕੀ!
ਤੇਰੀਆਂ ਕੀ ਨੇ ਦੱਸ ਸਰਦਾਰੀਆਂ!
ਹਰ ਹੀਲੇ ਪੈਂਦੀਆਂ ਚੁਗਣੀਆਂ
ਚੋਗਾਂ ਡਾਢੇ ਜਿੱਥੇ ਖਲਾਰੀਆਂ।

•

## ਹੰਝੂਆਂ ਦੇ ਹਰਫ਼

ਅੱਜ ਸੁਨੇਹਾ ਚੰਦਰਾ ਆਇਆ
ਸੁੱਟ ਗਿਆ ਮਾਰ ਮੁਕਾ ਕੇ ਵੇ!
ਅੱਜ ਸ਼ਨੀ ਏਹ ਕੇਹਾ ਚੜਿਆ
ਤੁਰ ਗਿਆ ਹੱਡ ਕੜਕਾ ਕੇ ਵੇ!

ਸੁਣਦੇ ਸਾਰ ਸੁਨੇਹਾ ਚੰਦਰਾ
ਦਿਲ ਤੇ ਮਨ ਗਏ ਚੀਰੇ ਵੇ!
ਕੁਦਰਤ ਦਾ ਇਹ ਭਾਣਾ ਚੰਦਰਾ
ਲਿਖਿਆ ਸੀ ਤਕਦੀਰੇ ਵੇ!

ਰੂਹ ਸਾਡੀ ਨੂੰ ਵੱਜਿਆ ਝਟਕਾ
ਡਿੱਗੇ ਮੂੰਹ ਮੂਧੜੇ ਜਾ ਕੇ ਵੇ!
ਮੁੜ ਮੁੜ ਸੁਪਨੇ ਆਏ ਚੰਦਰੇ
ਸੁਟ ਗਏ ਮਾਰ ਮੁਕਾ ਕੇ ਵੇ!

ਚੰਦਰੀ ਰੁਤੇ ਸੱਦਾ ਆਇਆ
ਆਏ ਸੀ ਫ਼ੁੱਲ ਕਪਾਹੀਂ ਵੇ!
ਚੁੱਪ ਚਪੀਤਾ ਤੁਰਦਾ ਬਣਿਉ
ਬਣ ਅਰਸ਼ ਦਾ ਰਾਹੀ ਵੇ!

ਮਲਕਤ ਮੌਤ ਖੇਡ ਗਿਆ
ਨਾਲ ਸਾਡੇ ਚਤਰਾਈ ਵੇ!
ਚੁੱਪ ਚਪੀਤੇ ੳੁਂਗਲੀ ਲਾਇਆ
ਸੁੱਤੀ ਵੇਖ ਲੋਕਾਈ ਵੇ!

ਲੁੱਟਿਆ ਬਾਗ਼ ਅਭਾਗਣ ਦਾ
ਮੌਤ ਸਰਘੀ ਵੇਲੇ ਆਈ ਵੇ!
ਮਾਸੂਮ ਦਾ ਰਾਜ ਤੁਰੰਡਿਆ
ਕਰ ਦਿਲ ਦੀ ਬੜੀ ਰੁਖਾਈ ਵੇ!

ਚੁੱਪ ਚਪੀਤਾ ਪਾਂਧੀ ਬਣਿਉ
ਹਿਜ਼ਰ ਦੇ ਤੀਰ ਚਲਾ ਕੇ ਵੇ!
ਦਿਲ ਰੋਇਆ ਤੇ ਰੋਈਆਂ ਅੱਖੀਆਂ
ਸੁੱਕੀਆਂ ਨੀਰ ਵਹਾ ਕੇ ਵੇ!

ਤੂੰ ਬਣ ਗਿਆ ਚੰਨ ਜਾਂ ਤਾਰਾ
ਵਿੱਚ ਅਰਸ਼ ਦੇ ਜਾ ਕੇ ਵੇ!
ਸਾਰੇ ਸੱਜਣਾਂ ਮਿੱਤਰਾਂ ਤਾਈਂ
ਘੁਣ ਜਿਹਾ ਕੋਈ ਲਾ ਕੇ ਵੇ!

ਮਾਂ ਬਾਪ ਦਾ ਫ਼ੁੱਲ ਸੈਂ ਸੋਹਣਾ
ਸੈਂ ਕੋਈ ਫ਼ੁੱਲ ਕਪਾਹੀ ਵੇ!
ਢਲਦੀ ਉਮਰੇ ਮਾਰ ਤੁਰ ਗਿਐਂ
ਬਣ ਅਰਸ਼ ਦਾ ਰਾਹੀ ਵੇ!

ਸੱਜਣਾ ਵਿੱਚ ਜਵਾਨੀ ਤੁਰ ਗਿਉਂ
ਗਏ ਨੇ ਹੱਡ ਨਪੀੜੇ ਵੇ!
ਸੁੰਨ ਮਸੁੰਨਾ ਛੱਡ ਗਿਐਂ ਵਿਹੜਾ
ਕਰ ਗਿਐਂ ਬੂਹੇ ਭੀੜੇ ਵੇ!

ਦਾਤੇ ਦੀਆਂ ਬਹੁਤ ਨੇ ਦਾਤਾਂ
ਮਾਂ ਪਿਉ ਲਈ ਪੁੱਤ ਹੀਰੇ ਵੇ!
ਏਹਨਾਂ ਬਾਝੋਂ ਦੁਨੀਆਂ ਸੁੰਨੀ
ਜਿਗ਼ਰੇ ਜਾਵਣ ਚੀਰੇ ਵੇ!

ਆਸਾਂ ਅਤੇ ਉਮੀਦਾਂ ਦੇ ਸਭ
ਗੁੱਲ ਕਰ ਗਿਐਂ ਦੀਵੇ ਵੇ!
ਨੀਲੇ ਮੇਰੇ ਹਰਫ਼ਾਂ ਨੇ
ਨਹੀਂ ਸੁੱਕਾਣੇ ਦਿਲ ਦੇ ਚੀਰੇ ਵੇ!

ਕੋਈ ਬਹੁੜ ਨਾ ਓਥੋਂ ਆਇਆ
ਜੇਹੜੀ ਥਾਂ ਛੋਪਲੇ ਮੱਲੀ ਵੇ!
ਸਾਡੇ ਇਹਨਾਂ ਹਰਫ਼ਾਂ ਦੇਣੀ
ਦਸ ਖਾਂ ਕਦੋਂ ਤਸੱਲੀ ਵੇ!

ਤੇਰੀ ਜਿੰਦ ਅਭਾਗਣ ਦੇ
ਕੋਈ ਨਾ ਦਿਸਦੇ ਹੀਲੇ ਵੇ!
ਕੀਹਦੀ ਝੋਲੀ 'ਦਿੱਗੀ' ਖੇਲੂ
ਕੀਹਦੇ ਫੋਲੂ ਖੀਸੇ ਵੇ!

ਕੌਣ ਬਿਠਾਊ ਚੁੱਕ ਭੈਣ ਨੂੰ
ਸ਼ਗਨਾਂ ਵਾਲੀ ਡੋਲੀ ਵੇ!
ਪਿਛਲੀ ਉਮਰੇ ਮਾਂ ਬਾਪ ਦਾ
ਕੌਣ ਬਣੂੰ ਹਮਜੋਲੀ ਵੇ!

ਦਿਲ ਦੀਆਂ ਲੀਰਾਂ ਕਿੰਝ ਸੰਭਾਲ਼ਣ
ਉੱਜੜ ਗਈਆਂ ਜੋ ਮਾਂਵਾਂ ਵੇ!
ਕਿੱਧਰ ਦੱਸ ਸੁਨੇਹੇ ਘੱਲਣ
ਗਿਉਂ ਨਾ ਦੱਸ ਸਰਨਾਵਾਂ ਵੇ!

ਸੁੱਟ ਗਿਐਂ ਲੱਕ ਤ੍ਰੋੜ ਕੇ ਸੱਜਣਾ
ਛੁਪਕੇ ਪੈਰੀਂ ਪੋਲੀ ਵੇ!
ਮਾਂ ਬਾਪ ਦੀ ਗਈ ਰੂਬਲਾ
ਸੋਹਲ ਜੇਹੀ ਜਿੰਦ ਰੋਲ਼ੀ ਵੇ!

ਅਰਸ਼ ਦਾ ਸੀਨਾ ਪਾਟ ਗਿਆ
ਪਾਟਿਆ ਦਾਮਨ ਚੋਲੀ ਵੇ!
ਧਰਤ ਕਲੇਜਾ ਪਾਟ ਗਿਆ
ਡੋਲ ਰਹੀ ਅਣਤੋਲੀ ਵੇ!

ਮਾਰ ਪੰਖੇਰੂ ਗਿਆ ਉਡਾਰੀ
ਅੱਲ੍ਹਾ ਬਖਸ਼ੇ ਸਾਂਤੀ ਵੇ!
ਮੁੜ ਮੁੜ ਆਵਣ ਮਾਂ ਨੂੰ
ਸੁਭਾ ਦੁਪਿਹਰੇ ਰਾਤੀਂ ਵੇ!

ਯਾਦ ਤੇਰੀ ਦੇ ਫ਼ੁੱਲ ਜੋ ਨੀਲੇ
ਰੱਖ ਲਏ ਦਿਲੇ ਛੁਪਾ ਕੇ ਵੇ!
ਯਾਦ ਤੇਰੀ ਉਏ ਸੋਹਣਿਆਂ ਸੱਜਣਾਂ
ਰੱਖੀ ਹੰਝੂਉਂ ਹਰਫ਼ ਬਣਾ ਕੇ ਵੇ!

ਹਰ ਦਮ ਰਹਿੰਦਾ ਦਿਲ ਏ ਰੋਂਦਾ
ਕੀ ਕਰੀਏ ਹੁਣ ਚਾਰਾ ਵੇ!
ਕੋਈ ਹੱਲ ਨਜ਼ਰ ਨਾ ਆਏ
ਬਿਨ ਮੰਨਣ ਤੋਂ ਭਾਣਾ ਵੇ!

•

(ਭੈਣ ਜੀ ਸਰਬਜੀਤ ਕੌਰ ਤੇ ਮਾਸਟਰ ਦਰਸ਼ਨ ਸਿੰਘ 'ਸਿੱਧੂ' ਹੋਰਾਂ ਦੇ ਇਕਲੋਤੇ ਪੁੱਤਰ, ਰੂਬਲ ਦੀ ਬੇਵਕਤੀ ਮੌਤ ਦੀ ਖ਼ਬਰ ਸੁਣ ਕੇ)

# ਘਾਟੀਏ ਲੋਲਾਬ ਦੀਏ!

ਘਾਟੀਏ ਲੋਲਾਬ ਦੀਏ
ਸੋਹਣੀ ਤੂੰ ਅਪਾਰ ਨੀਂ!
ਘਾਟੀਏ ਲੋਲਾਬ ਦੀਏ
ਪਿਆਰ ਦੀ ਤੂੰ ਖਾਨ ਨੀਂ!

ਚਸ਼ਮੇਂ ਪਿਆਰੇ ਤੇਰੇ
ਕੁੰਗੂੰ ਜੇਹਾ ਆਬ ਨੀਂ!
ਕੂਲਾਂ ਏਥੇ ਖ਼ੂਬ ਨੇ ਜੋ
ਠੰਡੀਆਂ ਤੇ ਠਾਰ ਨੀਂ!

ਰੁੱਖ ਤੇਰੇ ਸ਼ਾਨ ਬੜੀ
ਦਿਉਦਾਰ ਤੇ ਚਿਨਾਰ ਨੀਂ!
ਰੁੱਖ ਨੇ ਜਵਾਨ ਬੜੇ
ਚੁੱਮਦੇ ਆਕਾਸ਼ ਨੀਂ!

ਸੋਹਣੇ ਤੇਰੇ ਵਾਸੀ ਨੇ
ਨਗੀਨੇ ਜੇਹੀ ਆਪ ਨੀਂ!
ਅੱਖ ਹੈ ਬਲੌਰੀ ਬਣੀਂ
ਖਾ ਕੇ ਬਾਦਾਮ ਨੀਂ!

ਪੱਤਝੜੀ ਸੋਹਣੀ ਲੱਗੇਂ
ਬਾਦਾਮੀ ਲਸ਼ਕਾਰ ਨੀਂ!
ਸਰਦੀ ਚਲੀਹਾ ਕੱਢੇ
ਸਭ ਦੇ ਪ੍ਰਾਣ ਨੀਂ!

ਆਉਂਦੀ ਏ ਬਸੰਤ ਜਦੋਂ
ਖ਼ੁਸ਼ੀਆਂ ਦਾ ਰਾਜ ਨੀਂ!
ਗਰਮੀ ਪਿਆਰੀ ਬੜੀ
ਚਾੜ੍ਹਦੀ ਖ਼ੁਮਾਰ ਨੀਂ!

ਅੱਖੀਂ ਵੇਖ ਲਿਖਿਆ
'ਮਨੇਸ' ਤੇਰਾ ਹਾਲ ਨੀਂ!
ਸ਼ਾਲ੍ਹਾ! ਤੂੰ ਆਬਾਦ ਰਹੇਂ
ਦਿਲੇ ਦੀ ਆਵਾਜ਼ ਨੀਂ!

ਘਾਟੀਏ ਲੋਲਾਬ ਦੀਏ
ਸੋਹਣੀ ਤੂੰ ਅਪਾਰ ਨੀਂ!
ਘਾਟੀਏ ਲੋਲਾਬ ਦੀਏ
ਪਿਆਰ ਦੀ ਤੂੰ ਖਾਨ ਨੀਂ!

•

# ਫੈਰਨ

ਫੈਰਨ ਵੇਖੋ ਖਾਨ ਦਾ!
ਪਹਿਨਿਆਂ ਜਿਉਂ ਸਮਰਾਟ
ਟੱਕਰੇ ਨਾਲ ਚਲੀਹਾਂ ਦੇ
ਤੇ ਗਰਮੀ ਮਾਣੇ ਖਾਨ।

ਨਹੀਂ ਕੇਵਲ ਏਹ ਕੱਪੜਾ
ਹੈ ਜੰਗੇ ਠੰਡ ਹਥਿਆਰ
ਨਾਲ਼ ਏਸਦੇ ਜਿੱਤਦਾ ਏ
ਖਾਨਾ ਜੰਗੀ ਖਾਨ।

ਕਸ਼ਮੀਰੀ ਦੀ ਪਹਿਚਾਣ ਏ
ਏਹਦਾ ਅੱਡ ਮਜ਼ਾਜ
ਜਦੋਂ ਨਵੰਬਰ ਆਂਵਦਾ
ਪਹਿਨ ਮਟਕਦਾ ਖਾਨ।

ਦੁਕਾਨ ਬਜ਼ਾਜ਼ੀ ਵਿਕਦੇ
ਫਿਰ ਥਾਨਾਂ ਦੇ ਥਾਨ
ਰੱਖੇ ਗਰਮ ਪ੍ਰਾਣ ਨੂੰ
ਤੇ ਰੱਖੇ ਗਰਮ ਬਾਜ਼ਾਰ।

ਪ੍ਰੇਮ ਭਿਆਲਣ ਕਾਂਗੜੀ
ਕਹਿਣ ਖਾਨ ਦੀ ਨਾਰ
ਬੁੱਕਲ ਅੰਦਰ ਰੱਖਦਾ
ਵਾਂਗ ਲਾਣੇਦਾਰਨੀ ਖਾਨ।

ਪਹਿਨ ਏਸਨੂੰ ਜਾਪਦਾ
ਦਿਉ ਵਾਂਗਰਾਂ ਖਾਨ
ਅੰਦਰ ਬਾਹਾਂ ਲੱਗਦੀਆਂ
ਪੈਂਗੂਇਨ ਜਿਉਂ ਅੰਟਾਰ।

ਪੰਜਾਂ 'ਚ ਪਰਮੇਸ਼ਰ ਵੱਸੇ
ਪੰਜ ਦੇਂਦੇ ਠੰਡ ਨੂੰ ਮਾਤ
ਬਨੈਣ ਇੰਨਰ ਕਮੀਜ਼ ਜਰਸੀ
ਤੇ ਪੰਜਵਾਂ ਫੈਰਨ ਆਪ।

ਭਾਵੇਂ ਪਹਿਨਿਆ ਜੰਬੋ ਲੱਗਦਾ
ਬੜਾ ਡਿਜ਼ਾਇਨ ਕਮਾਲ਼
ਪਹਿਨ ਕਰੇਂਦਾ ਹਰ ਕੰਮ
ਨਹੀਂ ਕਸ਼ਮੀਰੇ ਚੱਕਾ ਜਾਮ।

ਜਿਸ ਬੰਦੇ ਦੀ ਖੋਜ ਹੈ
ਉਹ ਸੀਗਾ ਤੇਜ਼ ਤਰਾਰ
ਨਹੀਂ ਹੁੰਦਾ ਹੁਣ ਨਿਗਲ਼ਿਆ
ਠੰਡ ਕਸ਼ਮੀਰ ਵਸੇਂਦਾ ਖਾਨ!

ਚਲੀਹਾਂ ਦਾ ਪ੍ਰਕੋਪ ਬੁਰਾ
ਬੰਦਾ ਜਾਏ ਮੈਦਾਨੀ ਹਾਰ
ਜੋ ਸੰਗ ਏਹਦਾ ਮਾਣਦਾ
ਠੰਡ ਨੂੰ ਦੇਂਦਾ ਮਾਤ।

ਆਵੰਤੀਪੁਰੇ ਦਹਾਕਾ ਪਹਿਲਕੀ
ਸੀ ਭੋਗਿਆ ਠੰਡ ਅਜਾਬ
ਫੈਰਨ ਅੰਗ ਨਾ ਓੜਿਆ
'ਮਨੇਸ' ਖਾ ਗਿਆ ਮਾਰ।

ਜ਼ੀਰੋ ਹੀਰੋ ਹੋ ਗਿਆ
ਸੀ ਹਿੱਲਿਆ ਹਿੰਦੋਸਤਾਨ
ਫੈਰਨ ਪਾ ਚਲੀਹੇ ਜਿੱਤੇ
ਅਸਾਂ ਪੋਤੂਸ਼ਾਹੀ ਲੋਲਾਬ।

•

## ਗੁਲਮੋਹਰ

ਓਹ ਬੂਟਾ ਗੁਲਮੋਹਰ ਦਾ!
ਹੈ ਬੈਠਾ ਅਲਖ ਜਗਾਈ
ਫ਼ੁੱਲ ਨਿਰੇ ਹੀ ਕਿਰਮਚੀ
ਰੰਗ ਦੀ ਹੱਟ ਫਬਾਈ!

ਟਾਹਣੀ ਕਿਸੇ ਪਿਆਰੇ ਨੇ
ਸੀ ਆਪਣੇ ਹੱਥੀਂ ਲਾਈ
ਜਦ ਹੋਇਆ ਏਹ ਗੱਭਰੂ
ਲਾਲੀ ਠਾਠਾਂ ਮਾਰਦੀ ਆਈ!

ਅੰਗ ਅੰਗ ਲਾਲੀ ਭਰ ਗਿਆ
ਰੁੱਤ ਰਾਣੀ ਹੈ ਆਈ
ਮਘਦੀ ਲਾਲੀ ਵੇਖ ਕੇ
ਪਈ ਚਾਰੋ ਦਿਸ਼ਾ ਦੁਹਾਈ!

ਚੂਸ ਚਾਨਣੀ ਚੰਨ ਦੀ
ਲਿਆ ਫ਼ੁੱਲਾਂ ਵਿੱਚ ਪਾਈ
ਸੰਗ ਲਾਲੀ ਪੱਤੇ ਮਾਣਦੇ
ਜਿਉਂ ਗਲਵੱਕੜੀ ਦੁਲਹਨ ਪਾਈ!

ਲਾਲੀ ਵੇਖਣ ਅਸੀਂ ਗਏ
ਦੇ ਗਿਆ ਲਾਲ ਵਖਾਈ
ਲਾਲੋ ਲਾਲ ਸੀ ਹੋ ਗਏ
ਸਾਰੇ ਲਾਲੀ ਨਜ਼ਰੀਂ ਆਈ!

•

## ਪੰਜ ਗੁਲਾਬ

ਯਾਦ ਤੁਸਾਂ ਦੀ ਅੰਦਰ ਸੱਜਣਾਂ!
ਸੀ ਪੰਜ ਗੁਲਾਬ ਲਗਾਏ
ਪੰਜ ਮਹੀਨੇ ਬੀਤ ਗਏ
ਇੱਕ ਬੂਟੇ ਦੋ ਫ਼ੁੱਲ ਆਏ।

ਵੱਡਾ ਵੇਖਕੇ ਛੋਟੇ ਨੂੰ
ਪਿਆ ਪਿਆਰ ਹਿਲੋਰਾ ਖਾਏ
ਖਿੱਚ ਤਸਵੀਰ ਅੱਖਾਂ ਨੇ ਲੀਤੀ
ਫ਼ੁੱਲੀਂ ਨਜ਼ਰਾਂ ਖ਼ੂਬ ਟਕਾਏ।

ਚਮਤਕਾਰ ਇੱਕ ਐਸਾ ਘਟਿਆ
ਤੁਸੀਂ ਨਜ਼ਰ ਫ਼ੁੱਲਾਂ 'ਚੋਂ ਆਏ
ਫੈਲ ਜਾਣ ਏਹ ਗ਼ੁਲ ਚੁਫ਼ੇਰੇ
ਗ਼ੁਲਜ਼ਾਰ ਗ਼ੁਲੋਂ ਬਣ ਜਾਏ।

ਭੁੱਲ ਭੁਲੇਖੇ ਜਦੋਂ ਕਦੇ
ਤੁਸੀਂ ਵਿੱਚ ਬਗ਼ੀਚੀ ਆਏ
ਜੀ ਆਇਆਂ ਨੂੰ ਕਹਿਣਾ ਫ਼ੁੱਲਾਂ
ਖ਼ੁਸ਼ਬੂ ਦੀ ਹੱਟ ਲਗਾਏ।

•

## ਚਿਨਾਰ

ਵਾਹ! ਬਈ ਰੁੱਖ ਚਿਨਾਰ ਦੇ!
ਤੇਰੀ ਕਿਆ ਨਵਾਬੀ ਠਾਠ ਵੇ!
ਘਾਟੀ ਵਿੱਚ ਕਸ਼ਮੀਰ ਦੀ ਦੇ
ਤੇਰਾ ਅੱਜ ਵੀ ਚੱਲਦਾ ਰਾਜ ਵੇ!

ਤੂੰ ਪੁੱਤਰ ਨੂਰ ਜਹਾਨ ਦਾ
ਤੇਰਾ ਪੱਤਰ ਨੂਰ ਜਹਾਨ ਵੇ!
ਤੂੰ ਚਮਕੇਂ ਸੋਨੇ ਵਾਂਗਰਾਂ
ਤੇਰਾ ਅਜ਼ਬ ਦਿਸੇ ਪ੍ਰਤਾਪ ਵੇ!

ਹਿੰਮਤ ਨਹੀਂ ਕਿਸੇ ਖਾਨ ਦੀ
ਜੋ ਕਰੇ ਤੇਰੇ ਤੇ ਵਾਰ ਵੇ!
ਅਰਸ਼ ਫਰਸ਼ ਨੂੰ ਫੈਲਿਆ
ਤੂੰ ਲਗਦਾ ਏਂ ਸਮਰਾਟ ਵੇ!

ਰੁੱਖਾਂ ਦਾ ਤੂੰ ਬਾਦਸ਼ਾਹ
ਤੇਰਾ ਨਾਂ ਹੈ ਵਿੱਚ 'ਤਿਹਾਸ ਵੇ!
ਤੂੰ ਪਹਿਰੇਦਾਰ ਕਮਾਲਦਾ
ਰੱਖੀ ਸਾਂਭ ਘਾਟੀ ਦੀ ਸ਼ਾਨ ਵੇ!

ਪੱਤਾ ਤੇਰਾ ਪੰਜੇ ਵਰਗਾ
ਵੰਡਦਾ ਰਹੇ ਪ੍ਰਸ਼ਾਦ ਵੇ!
ਸਰਬ ਸਲਾਮਤੀ ਮੰਗੇ ਏਹੇ
ਦਿਨ ਹੋਵੇ ਚਾਹੇ ਰਾਤ ਵੇ!

ਤੂੰ ਰਾਜਸ਼ਾਹੀਆਂ ਕਈ ਵੇਖੀਆਂ
ਤੇ ਜਾਣੇਂ ਕਈ 'ਤਿਹਾਸ ਵੇ!
'ਮਨੇਸ' ਹੁਰਾਂ ਨੂੰ ਇੱਕੋ ਰੰਜ
ਤੂੰ ਖਾਧੇ ਗੂੰਗੇ ਦੇ ਗੁੜ ਵਾਂਗ ਵੇ!

•

## ਡੱਲ!

ਡੱਲ ਝੀਲ ਦੀਆਂ ਡਲ਼ਕਾਂ ਵੇਖੋ!
ਵੇਖੋ ਚੌਧਰ ਚਾਰ ਚਿਨਾਰ ਦੀ!
ਚਾਰ ਚੰਨ ਚੰਨ ਤਾਰੇ ਲਾਉਂਦੇ
ਜਦੋਂ ਸਾਫ ਰਾਤੀਂ ਅਸਮਾਨ ਨੀਂ!

ਹਜ਼ਰਤ ਬਲ ਦੀਆਂ ਚਮਕਾਂ ਚਿੱਟੀਆਂ
ਮੂਰਤ ਸੱਚੀਂ ਸੱਚ ਇਮਾਨ ਨੀਂ!
ਵਿੱਚ ਚੜਦੀਆਂ ਕਲਾ ਦੇ ਰੱਖਦੀ
ਹਰਿਆਲੀ ਲਾਗੇ ਖੜੇ ਪਹਾੜ ਦੀ।

ਸੁਭਾ ਸ਼ਾਮ ਹੈ ਤੈਨੂੰ ਕਰਦਾ
ਸੂਰਜ ਖਾਨ ਸੋਨੇ ਦੀ ਦਾਨ ਨੀਂ!
ਖੜ੍ਹੇ ਕਿਨਾਰੇ ਕਰਨ ਸਲਾਮਾਂ
ਚਸਮੇਸ਼ਾਹੀ ਤੇ ਸ਼ਾਲੀਮਾਰ ਨੀਂ!

ਹਰੀ ਪਰਬਤ ਤੇ ਸ਼ੰਕਰਾਚਾਰੀ
ਖੜੇ ਹਿਮਾਲਯ ਵਾਂਗ ਨੀਂ!
ਅੱਖ ਦੇ ਅੰਦਰ ਚਿੱਪ ਲਗਾਈ
ਵਿੱਚ ਤੇਰਾ ਇਤਿਹਾਸ ਨੀਂ!

ਸਿਰ ਫਿਰਿਆਂ ਆ ਛੱਡੇ ਪਟਾਕੇ
ਪੰਛੀ ਉੱਡ ਗਏ ਸੁਣ ਖੜਾਕ ਨੀਂ!
ਗ਼ੁਲਜ਼ਾਰ ਸੀ ਤੇਰਾ ਸੁੰਨਾ ਹੋਇਆ
ਗਏ ਕਰ ਏਥੋਂ ਪਰਵਾਸ ਨੀਂ!

ਹਈਸ਼ਾਂ! ਤੈਨੂੰ ਅੱਲ੍ਹਾ ਬਖ਼ਸ਼ੀ
ਛੂਹ ਨੀਂ ਕਿੰਗ ਮਦਾਸ ਦੀ!
ਆਲ੍ਹਣਿਆਂ ਵਿੱਚ ਆਈਆਂ ਰੌਣਕਾਂ
ਤੇਰੇ ਮੁੜੇ ਸਵਾਸ ਨੀਂ!

ਡੱਲ ਦਰਵਾਜਿਉਂ ਹੁੰਦਾ ਰਹਿੰਦਾ
ਜ਼ੇਹਲਮ ਖ਼ੂਬ ਮਿਲਾਪ ਨੀਂ!
ਤੈਨੂੰ ਰੱਖੇ ਹਿੱਕ ਲਗਾ ਕੇ
ਖ਼ੁਦ ਚੜਦਾ ਭੇਂਟ ਸੈਲਾਬ ਨੀਂ!

ਚਾਰ ਚੁਫੇਰੇ ਤੇਰੇ ਰੌਣਕਾਂ
ਤੂੰ ਲੱਗਦੀ ਜੁਗਨੀ ਵਾਂਗ ਨੀਂ!
ਹੋਟਲ ਏਥੇ ਵਾਂਗ ਸਫ਼ੀਨਾ
ਜੋ ਆਲ੍ਹਣਿਆਂ ਵਾਂਗ ਨੀਂ!

ਹੋਟਲ ਨੀਂ ਸੰਤੂਰ ਨੂੰ ਕਿੱਦਾਂ
ਛੱਲਾਂ ਕਰਨ ਪਿਆਰ ਨੀਂ!
'ਮਨੇਸ' ਹੁਰਾਂ ਆਨੰਦ ਮਾਣਿਆ
ਹੋ ਚਾਕਰ ਹਿੰਦ ਸਰਕਾਰ ਨੀਂ!

ਹਜ਼ਰਤਬਲ ਸੰਭਾਲੀ ਬੈਠਾ
ਹਜ਼ਰਤ ਮੂਏ ਵਾਲ਼ ਨੀਂ!
ਮੋਮਨ ਆ ਕੇ ਕਰਦੇ ਸਿਜਦਾ
ਬੜੇ ਅਕੀਦੇ ਨਾਲ ਨੀ!

ਸ਼ਿਕਾਰੇ ਤੇਰੀ ਛਾਤੀ ਖੇਡਣ
ਛੋਟੇ ਬਾਲਾਂ ਵਾਂਗ ਨੀਂ!
ਘਰ ਕਿਸ਼ਤੀਆਂ ਨਾਲ ਕਿਨਾਰੇ
ਮਹਿਲ ਲੱਕੜ ਦੇ ਵਾਂਗ ਨੀਂ!

ਨਹਿਰੂ ਦੀ ਤੂੰ ਯਾਦ ਸੰਭਾਲੀ
ਦਿਲ ਤੇ ਤਾਲ਼ਾ ਮਾਰ ਨੀਂ!
ਕੁੰਜੀ ਲਾ ਕੇ ਹਾਂਜੀ ਖੋਲ੍ਹਣ
ਦਿਲ ਤੇਰੇ ਦਾ ਤਾਲ ਨੀਂ!

ਵਰਿਸਟੀ ਜੋ ਨਗਰ ਸ੍ਰੀ ਦੀ
ਵੰਡਦੀ ਹੈ ਪ੍ਰਕਾਸ਼ ਨੀਂ!
ਹਜ਼ਰਤਬਲ ਤੋਂ ਲੈਂਦੀ ਸੇਧਾਂ
ਤੇਰੀ ਠੰਡਕੋਂ ਲਏ ਪ੍ਰਾਣ ਨੀਂ!

ਦਿਲ ਦਰਿਆ ਸਮੁੰਦਰੋਂ ਡੂੰਘਾ
ਤੇਰਾ ਖੁੱਲ੍ਹਾ ਖੂਬ ਸਥਾਨ ਨੀਂ!
ਮੌਜ ਮਸਤੀਆਂ ਮਾਰ ਕੇ ਲੋਕੀਂ
ਰੱਖਣ ਯਾਦ ਸੰਭਾਲ ਨੀਂ!

ਸੁੰਦਰ ਝੀਲੇ ਸ੍ਰੀਨਗਰ ਦਾ
ਤੂੰ ਹੀਰਿਆਂ ਜੜਿਆ ਹਾਰ ਨੀਂ!
ਤੇਰੇ ਵਿੱਚ ਹੀ ਰਹਿਣ ਧੜਕਦੇ
ਸ਼ਹਿਰ ਦੀ ਜਿੰਦ ਪ੍ਰਾਣ ਨੀਂ!

ਗਹਿਰਾਹਟ ਦਿਲੇ ਦੀ ਤੇਰੀ ਕੋਲੋਂ
ਪੜ੍ਹ ਲਿਆ ਗਹਿਰਾ ਪਾਠ ਨੀਂ!
ਤੂੰ ਝੀਲੇ ਨੀ ਸਾਡੀ ਅੱਜ ਤੋਂ
ਖੁੱਲੀ ਖ਼ੂਬ ਕਿਤਾਬ ਨੀ!

ਨੀਂ ਝੀਲੇ ਤੇਰੀ ਸ਼ਾਨ ਨਿਰਾਲੀ!
ਤੂੰ ਜੜ੍ਹੀ ਨਗੀਨੇ ਵਾਂਗ ਨੀਂ!
'ਮਨੇਸ' ਫ਼ੱਕਰ ਆ ਚੱਕਰ ਲਾਏ
ਛੱਡ ਪੋਤੂਸ਼ਾਹੀ ਲੋਲਾਬ ਨੀ!

●

## ਵਾਦੀ-ਏ-ਕਾਸ਼ੀਰ

ਸੁੰਦਰਤਾ ਤੇਰੀ ਵੇਖ ਕਸ਼ੀਰੇ
ਵੈਰੀ ਖਾਂਦੇ ਖਾਰ ਨੀਂ!
ਜੰਨਤ ਏਂ ਤੂੰ ਧਰਤ ਵਾਦੀਏ
ਕਸ਼ਯਅਪ ਦਾ ਵਰਦਾਨ ਨੀਂ!

ਡੱਲ੍ਹ ਝੀਲ ਦੀਆਂ ਡਲ਼ਕਾਂ ਵੇਖੋ!
ਵੇਖੋ ਸ਼ਾਨ ਚਿਨਾਰ ਦੀ!
ਹਜ਼ਰਤਬਲ ਤੇ ਚਸ਼ਮੇਂ ਸ਼ਾਹੀ
ਬਾਤ ਪਾਉਣ ਇਤਿਹਾਸ ਦੀ!

ਜ਼ਰਾ ਜ਼ਰਾ ਜ਼ਰਖੇਜ਼ ਬੜਾ ਏ
ਮੇਵਿਆਂ ਦੀ ਤੂੰ ਖਾਣ ਨੀਂ!
ਪੌਣ ਪਾਣੀ ਤੇਰਾ ਬੜਾ ਪਿਆਰਾ
ਦੇਂਦਾ ਚਾੜ੍ਹ ਖੁਮਾਰ ਨੀਂ!

ਬਾਗ਼ ਬਗੀਚੇ ਸੋਹਣੇ ਤੇਰੇ
ਮੁਗ਼ਲ ਤੇ ਸ਼ਾਲੀਮਾਰ ਨੀਂ!
ਚਸ਼ਮਿਆਂ ਦਾ ਕੋਈ ਅੰਤ ਨਾ
ਤੇ ਕੂਲਾਂ ਦੀ ਭਰਮਾਰ ਨੀਂ!

ਪਹਿਰੇਦਾਰ ਹਿਮਾਲਿਆ ਉੱਤਰ
ਵਿੱਚ ਦੱਖਣ ਪੀਰ ਪੰਚਾਲ ਨੀਂ!
ਚਾਲ ਸਪੋਲੀ ਜੇਹਲਮ ਚੱਲਦਾ
ਦਿਲ ਤੇਰੇ ਵਿਚਕਾਰ ਨੀਂ!

ਚਸ਼ਮੇਂ ਤੇਰੇ ਕਲ ਕਲ ਵਹਿੰਦੇ
ਇੱਛਾਬਲ ਤੇ ਵੈਰੀਨਾਗ਼ ਨੀਂ!
ਵੂਲਰ ਝੀਲ ਨਗੀਂਨਾ ਤੇਰਾ
ਘੱਟ ਨਹੀਉਂ ਦਾਚੀਗ਼ਾਮ ਨੀਂ!

ਸਮੇਂ ਨਾਲ ਤੂੰ ਰੰਗ ਬਦਲਦੀ
ਰੰਗਤ ਬੜੀ ਕਮਾਲ ਨੀਂ!
ਦੁਨੀਆਂ ਅੰਦਰ ਦੱਸ ਤੂੰ ਕਿੱਥੇ
ਸੰਗ੍ਰੀਲੀ ਘਾਟੀ ਤੇਰੇ ਨਾਲ਼ ਦੀ!

ਵਿੱਚ ਗਰਮੀਆਂ ਹਰੀਆਂ ਭਾਹਾਂ
ਪੱਤਝੜੇ ਬਦਾਮੀਂ ਰੰਗ ਲਸ਼ਕਾਰ ਨੀਂ!
ਸਰਦੀਆਂ ਵਿੱਚ ਸਿਰ ਚਿੱਟੀ ਚੁੰਨੀਂ
ਬਸੰਤੇ ਰੰਗੇ ਰੰਗ ਗੁਲਜ਼ਾਰ ਨੀਂ!

ਨਖ਼ਰੇਲੋ ਨਗਰੀ ਪਾਂਪੋਰ ਦੀ
ਕੇਸਰ ਰੰਗੀ ਨਾਰ ਨੀਂ!
ਬੜੀ ਪਿਆਰੀ ਮਿੱਟੀ ਏਹਦੀ
ਉੱਗਲ਼ੇ ਏਹ ਜਾਫ਼ਰਾਨ ਨੀਂ!

ਬੰਦੇ ਤੇਰੇ ਸੱਚੇ ਸੁੱਚੇ
ਪੱਕਾ ਦੀਨ ਇਮਾਨ ਨੀਂ!
ਖੌਫ ਖੁਦਾ ਦਾ ਖਾਂਦੇ ਮੋਮਨ
ਪੜ੍ਹਦੇ ਪੰਜ ਨਿਮਾਜ਼ ਨੀਂ!

ਸੁੰਦਰਤਾ ਤੇਰੀ ਲਿਖੀ ਗਈ ਨਾ
ਦੇ ਗਈ ਕਲਮ ਜਵਾਬ ਨੀਂ!
ਗ਼ੁਲਮਾਰਗ ਦੀ ਗੱਲ ਕਰਾਂ ਕਿ
ਗੱਲ ਕਰਾਂ ਪਹਿਲਗ਼ਾਮ ਦੀ!

'ਮਨੇਸ' ਘੁਮੱਕੜ ਲਿਆ ਨਜ਼ਾਰਾ
ਵਿਰਲੇ ਦਾ ਜੋ ਭਾਗ ਨੀਂ!
ਨੋਕ ਕਲਮ ਦੀ ਹੋਈ ਬੇਕਾਬੂ
ਲਾਏ ਡੇਰੇ ਜਦੋ ਲੋਲਾਬ ਨੀਂ!

# ਸ਼ੰਗ੍ਰੀਲਾ !

ਸ਼ੰਗ੍ਰੀਲਾ ਸ਼ੰਗ੍ਰੀਲਾ ਬਈ !
ਸ਼ੰਗ੍ਰੀਲਾ ਸ਼ੰਗ੍ਰੀਲਾ !
ਕਾਦਰ ਏਹਨੂੰ ਖ਼ੂਬ ਬਣਾਇਆ
ਜੋੜ ਕੇ ਤੀਲਾ ਤੀਲਾ ਬਈ !
ਸ਼ੰਗ੍ਰੀਲਾ ਸ਼ੰਗ੍ਰੀਲਾ ਬਈ !
ਸ਼ੰਗ੍ਰੀਲਾ ਸ਼ੰਗ੍ਰੀਲਾ !

ਸਾਰੀ ਦੀ ਏਹ ਸਾਰੀ ਸੁੰਦਰ
ਲਗਦੀ ਵਾਂਗ ਨਗੀਨਾ ਬਈ
ਚਿੱਟੀ ਚੁੰਨੀ ਸਿਰ ਏਹਦੇ ਤੇ
ਕਾਲ਼ਾ ਬੁਰਕਾ ਸਿਰੇ ਹਸੀਨਾ ਬਈ !
ਸ਼ੰਗ੍ਰੀਲਾ ਸ਼ੰਗ੍ਰੀਲਾ ਬਈ !
ਸ਼ੰਗ੍ਰੀਲਾ ਸ਼ੰਗ੍ਰੀਲਾ !

ਨਦੀਆਂ ਨਾਲ ਪਹਾੜ ਭਰੇ ਨੇ
ਮੇਵਿਆਂ ਨਾਲ ਜ਼ਮੀਨਾਂ ਬਈ
ਸੁੰਦਰਤਾ ਤੇਰੀ ਅਜ਼ਬ ਘਾਟੀਏ
ਲੱਗਦਾ ਨਹੀਂ ਤਖ਼ਮੀਨਾ ਬਈ !
ਸ਼ੰਗ੍ਰੀਲਾ ਸ਼ੰਗ੍ਰੀਲਾ ਬਈ !
ਸ਼ੰਗ੍ਰੀਲਾ ਸ਼ੰਗ੍ਰੀਲਾ !

ਜੀਅ ਕਰਦਾ ਮੈਂ ਰਹਾਂ ਘੁੰਮਦਾ
ਡੱਲੇ ਲੈ ਸਫੀਨਾਂ ਬਈ
ਇੱਕ ਪਾਸੇ ਮੇਰੇ ਹੋਏ ਸਫੀਨਾਂ
ਦੂਜੇ ਹੋਏ ਰਬੀਨਾਂ ਬਈ !
ਸ਼ੰਗ੍ਰੀਲਾ ਸ਼ੰਗ੍ਰੀਲਾ ਬਈ !
ਸ਼ੰਗ੍ਰੀਲਾ ਸ਼ੰਗ੍ਰੀਲਾ !

ਠੰਡੀਆਂ ਏਥੇ ਚੱਲਣ ਹਵਾਵਾਂ
ਨਾ ਮੱਥੇ ਬੂੰਦ ਪਸੀਨਾ ਬਈ
ਤੁਲਨਾ ਸਾਥੋਂ ਕਰੀ ਜਾਏ ਨਾ
ਲਗਦੀ ਬੇਬ ਕਰੀਨਾ ਬਈ!
ਸ਼ੰਗ੍ਰੀਲਾ ਸ਼ੰਗ੍ਰੀਲਾ ਬਈ!
ਸ਼ੰਗ੍ਰੀਲਾ ਸ਼ੰਗ੍ਰੀਲਾ!

ਤੈਨੂੰ ਨਹੀਂ ਕੋਈ ਲੋੜ ਡਰਨ ਦੀ
ਕੋਲ਼ੋਂ ਵੈਰੀ ਦੀਆਂ ਸੰਗੀਨਾਂ ਬਈ
ਹਿੰਦ ਵਾਸੀ ਤੇਰੇ ਨਾਲ ਖੜੇ ਨੇ
ਕਰਲੂ ਵੈਰੀ ਕੀ ਗੁਰੀਲਾ ਬਈ!
ਸ਼ੰਗ੍ਰੀਲਾ ਸ਼ੰਗ੍ਰੀਲਾ ਬਈ!
ਸ਼ੰਗ੍ਰੀਲਾ ਸ਼ੰਗ੍ਰੀਲਾ!

ਹਾਜੀਆਂ ਲਈ ਜਿਉਂ ਪਾਕ ਮੱਕਾ ਏ
ਮੱਕੇ ਨਾਲ ਮਦੀਨਾ ਬਈ
ਫੱਕਰਾਂ ਅਤੇ ਘੁਮੱਕੜਾਂ ਲਈ
ਪਾਕ ਹੈ ਏਹ ਕਸ਼ੀਰਾ ਬਈ!
ਸ਼ੰਗ੍ਰੀਲਾ ਸ਼ੰਗ੍ਰੀਲਾ ਬਈ!
ਸ਼ੰਗ੍ਰੀਲਾ ਸ਼ੰਗ੍ਰੀਲਾ!

•

## ਬਸੰਤੀ ਕਾਸ਼ੀਰ

ਵਾਹ! ਕਸ਼ਮੀਰ ਦੀ ਘਾਟੀਏ!
ਤੈਨੂੰ ਚੜਿਆਂ ਰੂਪ ਕਿਆ!
ਤੇਰਾ ਹੁਸਨ ਹੈ ਠਾਠਾਂ ਮਾਰਦਾ
ਹੋਇਆ ਹਰ ਕੋਈ ਟੁੱਲ ਪਿਆ!

ਰੰਗਾਂ ਦਾ ਹੜ੍ਹ ਆ ਗਿਆ
ਹੋ ਕਿੰਝ ਰੰਗੀਨ ਗਿਆ!
ਇੱਕ ਦੂਜੇ ਨਾਲ ਮਿਲਕੇ
ਬਣਿਆ ਸੁੰਦਰ ਸੀਨ ਕਿਆ!

ਸਰ੍ਹੋਂਆਂ ਕਣਕੀਂ ਫ਼ੁੱਲੀਆਂ
ਤੇ ਚੜਿਆ ਰੁੱਖੀਂ ਰੂਪ ਕਿਆ!
ਤੇਰਾ ਬਾਣਾ ਰੰਗ ਬਰੰਗੜਾਂ
ਫੱਬੇ ਚਾਂਦੀ ਤਾਜ਼ ਕਿਆ!

ਉਮੜ ਰਹੀਆਂ ਨੇ ਬਦਲੀਆ
ਪੰਛੀ ਰਹੇ ਬਾਜ਼ੀਆਂ ਲਾ
ਬਾਗ਼ ਬਗ਼ੀਚੇ ਫ਼ੁੱਲ ਗਏ
ਗਈਆਂ ਪੌਣਾਂ ਨੇ ਨਸ਼ਿਆ।

ਸਿਫ਼ਤ ਕਰੀ ਨਾ ਜਾਏ ਮੈਥੋਂ
ਰੰਗ ਗਿਆ ਬਸੰਤੀ ਛਾ
ਵੇਖ ਕਸ਼ੀਰੀ ਰੰਗਾਂ ਨੂੰ
ਪੱਟਿਆ ਜੱਟ 'ਮਨੇਸ' ਗਿਆ।

•

## ਸਾਂਝ

ਇੱਕ ਦਿਨ ਨਿਕਲੇ ਸੈਰ ਨੂੰ
ਸੀ ਘਾਟੀ ਵਿੱਚ ਲੋਲਾਬ
ਸੀ ਰਾਹੇ ਰਾਹੇ ਜਾਂਦਿਆਂ
ਐਵੇਂ ਚੱਲ ਪਈ ਗੱਲਬਾਤ।

ਘਾਟੀ ਪੁੱਛਿਆ ਪਿਆਰਕੇ
ਦੌਲਤਖ਼ਾਨਾ ਕਿੱਥੇ ਜਨਾਬ!
ਕੀ ਕਾਰੋਬਾਰ ਤੁਸਾਂ ਦਾ
ਤੇ ਆਏ ਕਿੰਝ ਲੋਲਾਬ!

ਦੌਲਤਖ਼ਾਨਾ ਵਿੱਚ ਪੰਜਾਬ ਦੇ
ਚੱਕਰਵਰਤੀ ਹਾਂ ਸਰਦਾਰ
ਅਸੀਂ ਪੁਜਾਰੀ ਹਿੰਦ ਦੇ
ਤੇ ਕਰੀਏ ਵਿੱਦਿਆ ਦਾਨ।

ਤੂੰ ਸੋਹਣੀ ਖ਼ੂਬ ਮਿਲਾਪੜੀ
ਤੇਰਾ ਮਿੱਠਾ ਨਾਮ ਲੋਲਾਬ
ਤੂੰ ਖ਼ੁਦ ਖ਼ੁਦਾ ਦਾ ਰੂਪ ਏਂ
ਜ਼ਰਾ ਹੋਰ ਸੁਣਾ ਗੱਲਬਾਤ।

ਅੱਲ੍ਹਾ ਦੀ ਮੈਂ ਦਾਤ ਹਾਂ
ਮੇਰੇ ਅੰਦਰ ਅੱਲ੍ਹਾ ਵਾਸ
ਅੰਮ੍ਰਿਤ ਟਪਕੇ ਰੋਮ ਰੋਮ
ਤੇ ਦਿਲੇ ਟੁਣਕਦੀ ਤਾਰ।

ਮੇਰੀ ਕੁੱਖ ਬੜੀ ਜ਼ਰਖੇਜ਼ ਏ
ਤੇ ਮੇਵਿਆਂ ਦੀ ਮੈਂ ਖਾਣ
ਏਥੇ ਕੂਲਾਂ ਕਲਕਲ ਗਾਉਂਦੀਆਂ
ਤੇ ਮਧੁਰ ਛੇੜਦੀਆਂ ਤਾਨ।

ਮੇਰੇ ਵਾਸੀ ਸਰਲ ਸੁਭਾਅ ਦੇ
ਰੱਖਦੇ ਉੱਚ ਇਮਾਨ
ਖ਼ੌਫ਼ ਖ਼ੁਦਾ ਦਾ ਰੱਖਦੇ
ਪੜਦੇ ਪੰਜ ਨਿਮਾਜ਼

ਸਿਫ਼ਤ ਕਰਾਂ ਕੀ ਆਪਣੀ
ਹਾਂ ਕਾਦਰ ਦੀ ਕਰਾਮਾਤ
ਤੂੰ ਆਪੇ ਘੁੰਮ ਕੇ ਵੇਖ ਵੇ!
ਕਿੰਝ ਕੁਦਰਤ ਕਰਦੀ ਰਾਜ।

ਵੇਖ ਵੇਖ ਜਦੋਂ ਥੱਕ ਗਏ
ਘਾਟੀ ਪੁੱਛਿਆ ਇੱਕ ਸਵਾਲ
ਜਨਾਬਿ ਆਲੀ ਨੂੰ ਕੀ ਜਾਪਦੀ
ਏ ਸਾਂਝ ਪੰਜਾਬ ਲੋਲਾਬ!

ਤੂੰ ਹੈਂ ਖਾਣ ਪਿਆਰ ਦੀ
ਤੇਰੇ ਕਣ ਕਣ ਅੱਲ੍ਹਾ ਵਾਸ
ਤੂੰ ਜਾਪੇਂ ਕੁੜੀ ਪੰਜਾਬ ਦੀ
ਤੇਰੇ ਕੁਪਵਾੜੇ ਸੁਸਰਾਲ।

ਜੇਹੜੀ ਗੱਲ ਨਮਾਜ਼ ਦੀ
ਪੰਜਾਬੇ ਪੰਜ ਬਾਣੀਆਂ ਪਾਠ
ਤੇਰੇ ਅੰਦਰ ਅੱਲ੍ਹਾ ਵੱਸਦਾ
ਤੇ ਕਾਦਰ ਵੱਸੇ ਪੰਜਾਬ!

ਪੰਜ ਆਬੋਂ ਪੰਜਾਬ ਬਣ ਗਿਆ
ਤੂੰ ਪਿਆਰ ਹੁਸਨ ਦੇ ਨਾਲ
ਤੂੰ ਫ਼ਲ ਤੇ ਮੇਵੇ ਉਗਲ਼ਦੀ
ਤੇ ਉਗਲੇ ਅੰਨ ਪੰਜਾਬ।

ਗੁਰਦੁਆਰੇ ਭਾਈ ਬੋਲਦਾ
ਮਸਜਿਦ ਮੁੱਲਾ ਦਏ ਅਜ਼ਾਨ
ਕੋਈ ਫ਼ਰਕ ਨਹੀਂ ਜਾਪਦਾ
ਦੋਨੋ ਰੱਬ ਨੂੰ ਕਰਦੇ ਯਾਦ।

ਪੰਜਾਬੇ ਨਹਿਰਾਂ ਵਹਿੰਦੀਆਂ
ਬੰਬੇ ਮਾਰਨ ਧਾਰ
ਏਥੇ ਨਦੀਆਂ ਕੂਲਾਂ ਵਹਿੰਦੀਆਂ
ਚਸ਼ਮੇ ਗਾਉਂਦੇ ਰਾਗ।

ਨਾਲ ਪਿਆਰ ਦੇ ਬੋਲੀ ਘਾਟੀ
ਗੂੜ੍ਹ ਅਸਾਂ ਦੀ ਸਾਂਝ
ਬੇਫ਼ਿਕਰਾ ਹੋ ਰਹਿ ਲੋਲਾਬੇ
ਤੂੰ ਸਾਡਾ ਮਹਿਮਾਨ।

ਅਸਾਂ ਤੁਸਾਂ ਲਈ ਭੇਜਤਾ
ਅੱਜ ਤੋਂ ਈਂ ਏ ਖਾਨ
ਸੇਵਾ ਪਾਣੀ ਏਹ ਕਰੂ
ਪਰੋਸੂ ਨਿੱਤ ਨਵੇਂ ਪਕਵਾਨ।

ਅਸੀਂ ਕਿਹਾ ਸੁਣ ਘਾਟੀਏ!
ਤੇਰਾ ਕੋਟਿ ਕੋਟਿ ਧੰਨਵਾਦ!
ਤੂੰ ਵੱਸੇ ਖੁਸ਼ੀਆਂ ਮਾਣਦੀ!
ਜਿਚਰ ਧਰਤ ਵਸੇ ਇਨਸਾਨ!

•

## ਕਵਿਤਾ!

ਕਵਿਤਾ! ਤੇਰਾ ਵਹਿਣਾ ਨੀਂ!
ਕਿਆ ਵਹਿਣੇ ਦਾ ਕਹਿਣਾ ਨੀਂ!
ਤੂੰ ਮੇਰਾ ਗਹਿਣਾ ਨੀਂ!
ਮੈਂ ਤੇਰਾ ਗਹਿਣਾ ਨੀਂ!
ਕੁੱਝ ਹੋਰ ਨਈਂ ਕਹਿਣਾ ਨੀਂ!
ਬੱਸ! ਚੱਲਦੇ ਰਹਿਣਾ ਨੀਂ!
ਕੀ ਜੱਗ ਤੋਂ ਲੈਣਾ ਨੀਂ!
ਬੱਸ! ਇਹੋ ਕਹਿਣਾ ਨੀਂ!
ਸੰਗ ਰੱਬ ਦੇ ਰਹਿਣਾ ਨੀਂ!
ਤੂੰ ਮੇਰਾ ਗਹਿਣਾ ਨੀਂ!
ਮੈਂ ਤੇਰਾ ਗਹਿਣਾ ਨੀਂ!
ਬੱਸ! ਚੱਲਦੇ ਰਹਿਣਾ ਨੀਂ!
ਬੱਸ! ਚੱਲਦੇ ਰਹਿਣਾ ਨੀਂ!

•

# ਵਿੱਚ ਪਹਾੜਾਂ ਦੇ

ਵਿੱਚ ਪਹਾੜਾਂ ਬਰਫ਼ਬਾਰੀ ਨੇ
ਬੰਨ੍ਹੇ ਦੱਬ ਪੜੁੱਲ ਵੇ!
ਚਾਂਦੀ ਰੰਗੇ ਢੇਰ ਜਾਪਦੇ
ਕਿਰਨਾਂ ਰਹੀਆਂ ਚੁੰਮ ਵੇ!

ਬਦਲੀਆਂ ਲਾਉਂਦੀਆਂ ਤਾਰੀਆਂ
ਵਿੱਚ ਪਹਾੜੋਂ ਉੱਠ ਵੇ!
ਸ਼ਕਲਾਂ ਵੰਨ ਸੁਵੰਨੀਆਂ
ਉੱਪਰ ਉੱਠਦੀਆਂ ਘੁੰਮ ਵੇ!

ਸੁਭਾ ਸ਼ਾਮ ਹੈ ਮੀਂਹ ਪੈ ਜਾਂਦਾ
ਕਣੀਆਂ ਮੋਤੀਆਂ ਤੁਲ ਵੇ!
ਅੰਮ੍ਰਿਤ ਸਾਰੇ ਵਰਸਦਾ
ਹਰ ਕੋਈ ਪੀ ਕੇ ਟੁੱਲ ਵੇ!

ਵਿੱਚ ਪਹਾੜਾਂ ਦੇ ਹੁਣ ਆ ਗਈ
ਵੇਖ ਬਸੰਤੀ ਰੁੱਤ ਵੇ!
ਨਦੀਆਂ ਨਾਲੇ ਕੂਲਾਂ ਚੱਲ ਪਏ
ਪਏ ਚਸ਼ਮੇ ਨੇ ਫੁੱਟ ਵੇ।

ਵਿੱਚ ਸਰਦੀਆਂ ਪ੍ਰਾਣ ਜੰਮੇ ਸੀ
ਹਰ ਸ਼ੈਅ ਬਣੀ ਸੀ ਬੁੱਤ ਵੇ!
ਗਰਮੀ ਅੰਮ੍ਰਿਤ ਵਰਗਾ ਪਾਣੀ
ਪੰਘਰਿਆ ਆਲਮ ਕੁਲ ਵੇ!

ਕਲਕਲ ਕਰਕੇ ਗੀਤ ਸੁਣਾਵਣ
ਨਾਲ਼ੇ ਨਾਲ ਪਾਣੀ ਦੇ ਫ਼ੁੱਲ ਵੇ!
ਵਾਂਗ ਨਾਗ਼ ਦੇ ਸ਼ੂਕ ਏਹਨਾਂ ਦੀ
ਤੇ ਮਟਕ ਨਾਰ ਦੇ ਤੁਲ ਵੇ!

ਪਹੁੰਚਣਾ ਪਾਣੀ ਜਦ ਮੈਦਾਨੀਂ
ਤੇ ਪੈਣਾ ਸੋਨਾ ਫੁੱਟ ਵੇ!
ਵੇਖ ਪਹਾੜ ਮੈਦਾਨ ਦਾ
ਕਿਆ ਪਿਆਰਾ ਜੁੱਟ ਵੇ!

ਉੱਚੇ ਲੰਮੇ ਰੁੱਖ ਖੜੇ ਨੇ
ਅਸਮਾਨ ਰਹੇ ਨੇ ਚੁੰਮ ਵੇ!
ਕਈ ਰੰਗਾਂ ਦੀ ਭਾਹ ਮਾਰਦੇ
ਵੇਖ ਕੇ ਲਹਿੰਦੀ ਭੁੱਖ ਵੇ!

ਮੈਦਾਨ ਭਰੇ ਨੇ ਹਰਿਆਂ ਘਾਹਾਂ
ਢੋਰ ਸਾਰੇ ਹੁਣ ਖੁਸ਼ ਵੇ!
ਗੁੱਜ਼ਰ ਅਤੇ ਕਿਸਾਨ ਝੂੰਮਦੇ
ਭਰ ਬਾਲਟੀਆਂ ਦੁੱਧ ਵੇ!

ਬਾਗ਼ ਬਗ਼ੀਚੀਂ ਪਏ ਮਹਿਕਦੇ
ਰੰਗ ਬਰੰਗੇ ਫ਼ੁੱਲ ਵੇ!
ਸੇਬ ਬਦਾਮ 'ਖਰੋਟਾਂ ਕਰਨੇ
ਸਭ ਖਜ਼ਾਨੇ ਫ਼ੁੱਲ ਵੇ!

ਪੰਛੀ ਵੇਖ ਆਨੰਦ ਮਾਣਦੇ
ਅਕਾਸ਼ ਖੁੱਲੇ ਵਿੱਚ ਉੱਡ ਵੇ!
ਕਲਾਬਾਜ਼ੀਆਂ ਖਾਂਦੇ ਜਾਂਦੇ
ਉੱਡਦੇ ਬਣਕੇ ਝੁੰਡ ਵੇ!

ਜੀਵਨ ਹੁਣ ਤਾਂ ਮਹਿਕ ਪਿਆ
ਆਲਮ ਮਸਤੀ ਕੁੱਲ ਵੇ!
ਪੌਣਾਂ ਛੱਡਣ ਪਈਆਂ ਸੁਗੰਧਾਂ
ਮੁਗਧ ਕਰੇਂਦੀ ਧੁੱਪ ਵੇ!

ਚਾਰ ਚੁਫ਼ੇਰਾ ਝੂਮਦਾ
ਨਾਲ਼ ਖੁਮਾਰੀ ਧੁੱਤ ਵੇ!
ਹਰ ਪਾਸੇ ਹੈ ਛਾਈ ਮਸਤੀ
ਹਰੇਕ ਹੱਸੇ ਪਿਆ ਮੁੱਖ ਵੇ!

ਅੰਮ੍ਰਿਤ ਵੇਲੇ ਤੇ ਸੰਧਿਆ ਨੂੰ
ਗਾਣ ਪਰਿੰਦੇ ਕੁੱਲ ਵੇ!
ਬੈਠ 'ਮਨੇਸਾ' ਮਾਣ ਏਸਨੂੰ
ਨਾ ਸੌਂ ਲੈ ਕੇ ਜੁੱਲ ਵੇ!

ਸਾਰੇ ਪਾਸੇ ਕੁਦਰਤ ਗਾਉਂਦੀ
ਕਾਦਰ ਗਿਆ ਡੁੱਲ ਵੇ!
ਝੁਲਸ ਮੈਦਾਨੋਂ ਲੋਕਾਂ ਕਰਨੇ
ਆ ਕੇ ਪਰਬਤ ਗੁੱਲ ਵੇ!

•

## ਕੁੱਪਵਾੜਾ ਉਏ!

ਤੇਰੇ ਚਾਰ ਚੁਫ਼ੇਰੇ ਕੁੱਪਵਾੜਿਆ!
ਪਰਬਤ ਵਾਂਗੂੰ ਵਾੜ ਉਏ!
ਅੰਦਰੋਂ ਸੱਚਮੁੱਚ ਕੁੱਪੇ ਵਾਗੂੰ
ਬਾਹਰੋਂ ਵਾਂਗ ਦਵਾਰ ਉਏ!

ਅੰਦਰੋਂ ਤੇਰੇ ਲੰਘ ਕੇ ਜਾਂਦੀ
ਨਦੀਆ ਸ਼ੂਕਾਂ ਮਾਰ ਉਏ!
ਸਿਰ ਤੇਰੇ ਤੇ ਚਿੱਟੀ ਟੋਪੀ
ਪਹਿਨੀ ਜਿਉਂ ਕਿਸੇ ਖਾਨ ਉਏ!

ਚਾਰ ਚੁਫੇਰਾ ਬੜਾ ਪਿਆਰਾ
ਬੋਮ੍ਗਾਮਾ ਚਾਹੇ ਤ੍ਰੈਗ਼ਾਮ ਉਏ!
ਚਾਹੇ ਉਹੋ ਹਾਏਹਾਮਾ ਏ!
ਤੇ ਚਾਹੇ ਹੈ ਸੋਗ਼ਾਮ ਉਏ!

ਇੱਕ ਗੱਲ ਤੇਰੀ ਬੜੀ ਹੀ ਚੁੱਭਵੀਂ
ਤੈਨੂੰ ਮਾਰਿਆ ਜੋ ਅੱਤਵਾਦ ਉਏ!
ਏਹੋ ਜੇਹਾ ਅਜਾਬ ਸੀ ਝੱਲਿਆ
ਪਹਿਲਾਂ ਅਸੀਂ ਪੰਜਾਬ ਉਏ!

ਏਸੇ ਲਈ ਤੂੰ ਚਾਰ ਚੁਫ਼ੇਰੇ
ਰੱਖੀਆਂ ਫ਼ੋਜਾਂ ਤਾਣ ਉਏ!
ਏਦਾਂ ਕਿੱਦਾਂ ਕੰਮ ਚੱਲੂਗਾ
ਆਪੇ ਹੰਭਲਾ ਮਾਰ ਉਏ!

ਨਾ ਕੋਈ ਏਥੇ ਭੀੜ ਭੜੱਕਾ
ਬਾਹਲਾ ਸ਼ਾਤ ਬਜ਼ਾਰ ਉਏ!
ਤੇਰੇ ਜਿਉਂ ਸ਼ਾਂਤ ਖੜੇ ਨੇ
ਚਿੱਟੇ ਹਰੇ ਪਹਾੜ ਉਏ!

ਭਾੜੇ ਦੇ ਜੋ ਟੱਟੂ ਲੜਦੇ
ਲੈ ਕੇ ਹੱਥ ਹਥਿਆਰ ਉਏ!
ਕਰਦੇ ਰਹਿੰਦੇ ਸ਼ਾਂਤੀ ਨੂੰ
ਮੌਕਾ ਲਾ ਅਸ਼ਾਂਤ ਉਏ!

ਤੈਨੂੰ ਹੈ ਲੋੜ ਰਹਿਣ ਦੀ
ਹੋ ਕੇ ਸਦਾ ਤਿਆਰ ਉਏ!
ਵੈਰੀ ਕਿਧਰੇ ਵਾਰ ਕਰਨ ਨਾ
ਇੱਲ ਜਿਉਂ ਪੰਜਾ ਮਾਰ ਉਏ!

'ਮਨੇਸ' ਆ ਗਿਆ ਤੇਰੇ ਕੋਲੇ
ਛੱਡ ਆਪਣਾ ਪੰਜਾਬ ਉਏ!
ਬੈਠ ਗਿਆ ਏ ਡੇਰਾ ਲਾਕੇ
ਵਿੱਚ ਪੋਤੂਸ਼ਾਹੀ ਲੋਲਾਬ ਉਏ!

•

## ਹਜ਼ਰਤਬਲ

ਵਾਹ! ਵਾਹ! ਹਜ਼ਰਤਬਲ ਬਈ!
ਨਾ ਕਰੀਆਂ ਸਿਫ਼ਤਾਂ ਜਾਣ
ਤੂੰ ਖੜਾ ਕਿਨਾਰੇ ਡੱਲ ਦੇ
ਆ ਛੱਲਾਂ ਕਰਨ ਸਲਾਮ।

ਜਦ ਦਿਨ ਵੱਡੇ ਆਂਵਦੇ
ਆ ਮੋਮਨ ਕਰਨ ਸਲਾਮ
ਚਾਹੇ ਹੋਵੇ ਈਦ ਬਈ
ਤੇ ਚਾਹੇ ਛੱਬੇ ਮੈਰਾਜ਼।

ਤੇਰੇ ਉੱਤੇ ਮੋਮਨਾਂ ਨੂੰ
ਰੱਬ ਜਿੱਡਾ ਹੈ ਮਾਣ
ਤੂੰ ਮੂਏ ਮੁਕੱਦਸ ਰੱਖਿਆ
ਵਿੱਚ ਆਪਣੇ ਦਿਲੇ ਸੰਭਾਲ਼।

ਘਟਨੀਆਂ ਨਾਲ ਭਰਪੂਰ ਹੈ
ਮੂਏ ਮੁਕੱਦਸ ਦਾ 'ਤਿਹਾਸ
ਹਰ ਘਟਨਾ ਤੂੰ ਰੱਖ ਲਈ
ਦਿਲ ਆਪਣੇ ਵਿੱਚ ਸੰਭਾਲ਼।

ਸਈਯਦ ਜੋ ਹਮੀਦ ਸਨ
ਸਨ ਵੰਸ਼ਜ ਹਜ਼ਰਤ ਸਾਹਬ
ਉਨ੍ਹਾਂ ਦਿੱਲੀ ਕੀਤਾ ਭੇਂਟ ਸੀ
ਵਾਲ਼ ਨੁਰੂਦੀਨ ਖ਼ਵਾਜਾ ਸਾਹਬ।

ਸ੍ਰੀਨਗਰ ਨੂੰ ਚੱਲ ਪਿਆ
ਉਹ ਮੂਏ ਮੁਕੱਦਸ ਨਾਲ਼
ਪਹੁੰਚਿਆ ਜਦ ਲਾਹੌਰ ਸੀ
ਔਰੰਗੇ ਜ਼ਬਰੀ ਖੋਹਿਆ ਵਾਲ਼।

ਖ਼ਵਾਜਾ ਸਾਹਬ ਤੇ ਹੋ ਗਿਆ
ਸੀ ਸਦਮੇਂ ਦਾ ਵਾਰ
ਗਿਆ ਪ੍ਰਲੋਕ ਸਿਧਾਰ ਸੀ
ਸਹਿ ਨਾ ਸਕਿਆ ਮਾਰ।

ਸਪਨੇ ਅੰਦਰ ਹੋ ਗਿਆ
ਸੀ ਖੂਬ 'ਰੰਗਾ ਪ੍ਰੇਸ਼ਾਨ
ਨੌਵੇਂ ਦਿਨ ਹੀ ਮੋੜਿਆ
ਉਸ ਮੂਏ ਮੁਕੱਦਸ ਵਾਲ਼।

ਸੀ ਔਰੰਗੇ ਨੇ ਭੇਜਿਆ
ਫੇਰ ਸ੍ਰੀਨਗਰ ਨੂੰ ਵਾਲ਼
ਭੇਜਿਆ ਕੱਫ਼ਣ ਨਾਲ ਸੀ
ਬੜੇ ਅਦਬ ਦੇ ਨਾਲ।

ਓਸ ਸਮੇਂ ਕਸ਼ਮੀਰ ਦਾ
ਨਾਜ਼ਮ ਫ਼ਾਜ਼ਲ ਖਾਨ
ਹੜ ਲੋਕਾਂ ਦਾ ਆ ਗਿਆ
ਵੇਖਣ ਦੇ ਲਈ ਵਾਲ਼।

ਡੱਲ ਕਿਨਾਰੇ ਬਾਗ਼ ਸੀ
ਜੀਹਦਾ ਮਾਲਕ ਸੀ ਸ਼ੇਰਖਾਨ
ਨਾਲ਼ ਬੜੇ ਸਤਿਕਾਰ ਦੇ
ਕੀਤਾ ਮਹਿਲ ਸੀ ਦਾਨ।

ਮਹਿਲੇ ਕੀਤਾ ਦਫ਼ਨ ਸੀ
ਉਨ੍ਹਾਂ ਹਜ਼ੂਰ ਖ਼ਵਾਜਾ ਸਾਹਿਬ
ਮਾਣ ਅਤੇ ਸਤਿਕਾਰ 'ਚ
ਰੱਖਿਆ ਹਜ਼ਰਤਬਲ ਸੀ ਨਾਮ।

ਨਾਜ਼ਮ ਖਾਨ ਅਜ਼ਾਦ ਜੋ
ਸੀ ਸ਼ੱਕੀ ਬਹੁਤ ਪਠਾਣ
ਸ਼ੱਕ ਓਸਨੂੰ ਹੋ ਗਿਆ
ਅਸਲ ਨਸਲ ਨਹੀਂ ਵਾਲ਼।

ਉਸ ਸ਼ੀਸ਼ੇਦਾਨ ਨੂੰ ਤੋੜਕੇ
ਖਿੱਚਿਆ ਵਾਲ਼ ਨਾਲ ਸੀ ਵਾਲ਼
ਕਰਾਮਾਤ ਅਨੋਖੀ ਘਟ ਗਈ
ਵਾਲ਼ ਨਿਗਲ ਗਿਆ ਵਾਲ਼!

ਆਜ਼ਾਦ ਖਾਨ ਸੀ ਹਿੱਲਿਆ
ਅੱਖੀਂ ਵੇਖ ਘਟੀ ਕਰਾਮਾਤ
ਆਜ਼ਾਦ ਗ਼ੁਲਾਮ ਸੀ ਹੋ ਗਿਆ
ਦਿੱਤਾ ਦਰਦੇ ਨਰਕ ਸਿਧਾਰ।

ਫੇਰ ਸ਼ੇਰਾਂ ਦੀ ਚੱਲ ਪਈ
ਟੱਕਰ ਸ਼ਹਿਰੀ ਬੱਕਰਿਆਂ ਨਾਲ਼
ਨਵੀਂ ਪੀੜੀ ਦੇ ਲੀਡਰਾਂ
ਫੇਰ ਰਲ਼ ਸਾਂਭਿਆ ਵਾਲ਼।

ਚੱਕਰ ਸਮੇਂ ਦਾ ਘੁੰਮਿਆ
ਸ਼ੈਤਾਨ ਲੈ ਗਏ ਵਾਲ਼
ਸੁਣ ਖ਼ਬਰ ਸੀ ਹਿੱਲਿਆ
ਧੁਰ ਅੰਦਰੋਂ ਪੂਰਾ ਹਿੰਦੋਸਤਾਨ।

ਲਾਲ ਚੌਂਕ ਸੀ ਭਰ ਗਿਆ
ਹਜੂਮ ਲੋਕਾਂ ਦੇ ਨਾਲ਼
ਅੰਬਰ ਲਾਲ ਸੀ ਹੋ ਗਿਆ
ਰੋਹ ਲੋਕਾਂ ਦੇ ਨਾਲ਼।

ਫੇਰ ਘਟੀ ਕਰਾਮਾਤ ਸੀ
ਅੱਲ੍ਹਾ ਲੱਗਾ ਠੰਡ ਵਰਤਾਣ
ਰੂੰ ਜੇਹੇ ਗੋਹੜੇ ਵਰਸ ਪਏ
ਰਿਹਾ ਝੱਲ਼ਦਾ ਜਨ ਸੈਲਾਬ।

ਸਿਰ ਫਿਰਿਆਂ ਦੀ ਅੱਖ 'ਚ
ਕੀਤਾ ਅੰਧਰਾਤੇ ਸੀ ਵਾਰ
ਨਾਲੰਦਾ ਵਾਂਗੂੰ ਸਾੜ ਕੇ
ਉਹਨਾਂ ਦੁਹਰਾ ਦਿੱਤਾ ਇਤਿਹਾਸ।

ਮਦਰੱਸਾ ਓਹਨਾਂ ਸਾੜਿਆ
ਜੋ ਸੀ ਵਾਂਗ ਚਰਾਗ਼
ਗਿਆਨ ਭੰਡਾਰ ਵੀ ਸਾੜਿਆ
ਸਾੜ ਕੇ ਕੀਤਾ ਰਾਖ਼।

ਜਦ ਅੰਦਰ ਕਸ਼ਮੀਰ ਦੇ
ਚਕਦੀ ਪਈ ਸੀ ਮਾਰੋਮਾਰ
ਸਿਰਫਿਰਿਆਂ ਕਬਜ਼ਾ ਕਰ ਲਿਆ
ਆ ਬੰਬ ਬੰਦੂਕਾਂ ਨਾਲ਼।

ਵਿੱਚ ਹਰਕਤ ਦੇ ਆ ਗਈ
ਸੀ ਮੌਕੇ ਦੀ ਸਰਕਾਰ
ਉਸ ਹੋਸ਼ ਟਿਕਾਣੇ ਕਰਤੀ
ਤੇ ਕੀਤਾ ਮਾਣ ਬਹਾਲ।

ਮੂਏ ਮੁਕੱਦਸ ਵਾਲ਼ ਦਾ
ਹੈ ਰੱਬ ਵਰਗਾ ਸਤਿਕਾਰ
ਇੱਜ਼ਤ ਅਤੇ ਸੰਭਾਲ ਲਈ
ਹਨ ਮੋਮਨ ਦੇਂਦੇ ਜਾਨ।

ਹਜ਼ਰਤਬਲ ਸ਼ਾਨੇ ਕਸ਼ਮੀਰ ਏ
ਏਹਦੀਆਂ ਚਮਕਾਂ ਵਿੱਚ ਸੰਸਾਰ
ਏਹੇ ਮਾਣ ਸ਼ਾਨ ਹੈ ਹਿੰਦ ਦਾ
ਏਹਦਾ 'ਮਨੇਸ' ਦਿਲੋ ਸਤਿਕਾਰ।

ਮੂਏ ਮੁਕੱਦਸ ਹੈ ਨਹੀਂ
ਕੋਈ ਉਂਝ ਸਧਾਰਨ ਵਾਲ਼
ਏਹੇ ਮੁੱਛ ਇਸਲਾਮ ਦੀ!
ਜੋ ਵੈਰੀ ਲਈ ਤਲਵਾਰ!!

•

# ਚਿੜੀਓ ਨੀਂ ਚਿੜੀਓ!

ਚਿੜੀਓ ਨੀਂ ਚਿੜੀਓ! ਚਹਿਕਾਟਿਆਂ 'ਚ ਖਿੜੀਓ
ਸੁਭਾ ਸ਼ਾਮ ਨੀਂ ਮਹਿਫਲਾਂ ਲਾਉ!
ਦੱਸ ਦਿਉ ਸਾਨੂੰ ਅੜੀਓ!
ਕਿਉਂ ਮਹਿਫਲਾਂ ਗੁਆਂਢ ਵਿੱਚ ਲਾਉ!

ਅਖਾੜਾ ਲਾ ਕੇ ਗੀਤ ਗਾਉਂਦੀਆ
ਕਿੱਥੋਂ ਗੀਤ ਤੁਸੀਂ ਏਹੇ ਲਿਖਵਾਓ
ਨੱਚ ਨੱਚ ਹੋਵੋਂ ਦੂਹ੍ਰੀਆਂ
ਸੌਂ! ਸੌਂ! ਨੀਂ ਹੁਲਾਰੇ ਪਈਆਂ ਖਾਓ।

ਚੀਕ ਤੇ ਚਿਹਾੜਾ ਮਾਣ ਕੇ
ਲੱਗੇ ਤੁਸੀਂ ਕੁੱਝ ਵੰਡੋ ਤੇ ਵੰਡਾਓ
ਬੋਲ ਬੋਲ ਥੱਕੋ ਤੁਸੀਂ ਨਾ
ਤੁਸੀਂ ਕਰਦੀਆਂ ਮੂਲ ਨਾ ਰਹਾਓ।

ਕੀ ਵੰਡੀਏ ਵੰਡਾਈਏ ਵੀਰਨਾ!
ਤੁਸੀਂ ਸਮਝ ਸਾਨੂੰ ਨਾ ਪਾਓ
ਖੁਸ਼ੀਆਂ ਨੂੰ ਅਸੀਂ ਵੰਡੀਏ
ਤੁਸੀਂ ਵੰਡਦੇ ਕਲੇਸ਼ਾਂ ਤਾਈਂ ਜਾਓ।

ਨੀਂ ਜਪੁਜੀ ਨੂੰ ਤੁਸੀਂ ਪੜ ਕੇ!
ਰਹਿਰਾਸ ਵੀ ਕਦੇ ਨਾ ਖੁੰਝਾਓ!
ਕੀਰਤਨ ਸੋਹਿਲਾ ਪੜ ਕੇ
ਤੁਸੀਂ ਨੀਂਦ ਦੇ ਆਗੋਸ਼ ਤੁਰ ਜਾਓ!

ਸੰਗੀਤ ਥੋੜਾ ਇੰਝ ਜਾਪਦਾ
ਜਿਉਂ ਗੀਤ ਕੋਈ ਇਲਾਹੀ ਗਾਓ
ਸੁਭਾ ਸ਼ਾਮ ਵੰਡੋਂ ਰਹੋ ਰਹਿਮਤਾਂ
ਪਈਆਂ ਖ਼ੁਦਾ ਦੇ ਤਰਾਨੇ ਗਾਓ।

'ਮਨੇਸ' ਨੂੰ ਸੁਆਦ ਪੈ ਗਿਆ
ਕੰਨੀ ਆਣ ਕੇ ਇਲਾਹੀ ਰਸ ਪਾਓ
ਅੱਖਾਂ ਬੰਦ ਆਪੇ ਹੁੰਦੀਆਂ
ਸਾਨੂੰ ਨਾਲ਼ ਤੁਸੀਂ ਖ਼ੁਦਾ ਦੇ ਮਿਲਾਉ।

ਚਿੜੀਓ ਨੀਂ ਚਿੜੀਓ! ਚਹਿਕਾਟਿਆਂ 'ਚ ਖਿੜੀਓ
ਸੁਭਾ ਸ਼ਾਮ ਨੀਂ ਮਹਿਫਲਾਂ ਲਾਉ!
ਦੱਸ ਦਿਉ ਸਾਨੂੰ ਅੜੀਓ!
ਕਿਉਂ ਮਹਿਫਲਾਂ ਗੁਆਂਢ ਵਿੱਚ ਲਾਉ!

•

## ਕਾਂਗੜੀਏ !

ਕਾਂਗੜੀਏ ਤੂੰ ਕੁੜੀ ਨਹੀਂ
ਪਰ ਲੱਗਦੀ ਕੁੜੀ ਹਿਮਾਚਲੀ
ਪਰ ਬੀਵੀ ਤੂੰ ਕਸ਼ਮੀਰ ਦੀ
ਹੈਂ ਬੁੱਕਲੇ ਅੱਗਾਂ ਬਾਲਣੀ

ਠੰਡ ਦੇ ਨਾਲ ਲੜਾਈ ਦਾ
ਕਸ਼ਮੀਰੀ ਦਾ ਸੰਦ ਆਖਰੀ
ਮਿੱਟੀ ਨੂੰ ਬਚਾਉਂਦੀ ਠੰਡ ਤੋਂ
ਤੂੰ ਮਿੱਟੀ ਦੀ ਕਾਂਗੜੀ!

ਪ੍ਰਾਣ ਤੂੰ ਕਸ਼ਮੀਰੀ ਦੇ
ਤੇਰਾ ਕੰਮ ਵਡੇਰਾ ਕਾਂਗੜੀ
ਵੱਡੀ ਨਹੀਂ ਤੂੰ ਛੋਟੀ ਜੇਹੀ
ਤਨ ਦੀ ਵੀ ਏਂ ਮਾੜਕੀ।

ਬੜੀ ਪਿਆਰੀ ਚੀਜ਼ ਏਂ
ਜਾਣੇ ਕੁਲ ਜਹਾਨ ਨੀਂ!
ਤੇਰੇ ਕਰਕੇ ਠੰਡੇ ਰਹਿੰਦਾ
ਹੋ ਕਸ਼ਮੀਰ ਰਵਾਨ ਨੀਂ!

ਗਨਈ ਤੇਰਾ ਜੋ ਰਚਣਹਾਰਾ
ਬੰਦਾ ਬਹੁਤ ਕਮਾਲ ਨੀਂ!
ਪੇਟ ਬਣਾਏਂ ਘੁਮਾਰ ਕਹਾਏਂ
ਚਾਲਣ ਲੋਹਾਰ ਤਾਣਾ ਤਰਖਾਣ ਨੀਂ!

ਟਾਹਣੀਆਂ ਦਾ ਹੈ ਬਾਣਾ ਤੇਰਾ
ਸਾਦਾ ਬਹੁਤ ਲਿਬਾਸ ਨੀਂ!
ਬੱਸ! ਤੇ ਬੱਸ! ਤੂੰ ਖਾਏਂ ਲੱਕੜੀ
ਤੇਰਾ ਖਾਣਾ ਬੜਾ ਕਮਾਲ ਨੀਂ!

ਕਮਜ਼ੋਰ ਜੇਹਾ ਹੈ ਢਾਂਚਾ ਤੇਰਾ
ਖ਼ੂਬ ਤੇਰੇ ਵਿੱਚ ਜਾਨ ਨੀਂ!
ਬਾਹਰੋਂ ਤੂੰ ਹੈ ਤਣੀ ਬਣੀ
ਤੇ ਅੰਦਰੋਂ ਨੂਰਜਹਾਨ ਨੀਂ!

ਤੂੰ ਕਾਂਗੜੀਏ ਸ਼ਾਨ ਕਸ਼ੀਰੀ
ਤੇ ਘਾਟੀ ਦੀ ਏਂ ਚਾਲ ਨੀਂ!
ਫੈਰਨ ਥੱਲੇ ਤੈਨੂੰ ਰੱਖਣ
ਵਾਂਗ ਮਾਸ਼ੂਕ ਸੰਭਾਲ ਨੀਂ!

ਛੇ ਮਾਹੇਂ ਤੂੰ ਕੰਮ ਕਰੇਂਦੀ
ਛੇ ਮਾਹੇਂ ਵਿਸ਼ਰਾਮ ਨੀਂ!
ਜਦੋਂ ਚਲੀਹਾ ਆਂ ਜਾਂਦਾ ਏ
ਤੂੰ ਪੈਂਦੀ ਏਂ ਜਾਗ ਨੀਂ!

ਨਾਂ ਤੇਰੇ ਕੋਈ ਹੱਥ ਪੈਰ ਏ
ਚੱਲੇਂ ਭਰ ਸਿਆਲ਼ ਨੀਂ!
ਬੱਸ! ਤੇਰਾ ਤਾਂ ਪੇਟ ਇਕੱਲਾ
ਇਕੋ ਹੱਥ ਹੈ ਨਾਲ਼ ਨੀਂ!

ਚੀਜ਼ ਬੜੀ ਏਂ ਨਿਕੜੋ ਜੇਹੀ!
ਫਰ ਹੈਂ ਤੂੰ ਚੀਜ਼ ਕਮਾਲ ਨੀਂ!
ਤੇਰਾ ਨਹੀਂ ਹੈ ਮੁੱਲ ਜਾਣਦਾ
'ਮਨੇਸ' ਠਰੇ ਠੰਡ ਨਾਲ਼ ਨੀਂ!

•

## ਟੀਨ ਦੀਆਂ ਛੱਤਾਂ ਤੇ

ਨੌਅੰਬਰ ਤੋਂ ਮਾਰਚ ਤੀਕਰ
ਹੁੰਦੀ ਠਰੂੰ ਠਰੂੰ ਏ ਰਹੀ!
ਐਪ੍ਰਲ ਤੋਂ ਚਾਲੂ ਹੋ ਕੇ
ਧਰਲ ਧਰਲ ਪਏ ਮੀਂਹ!
ਟੀਨ ਦੀਆਂ ਛੱਤਾਂ ਤੇ
ਟਣਕ ਟਣਕ ਪਏ ਮੀਂਹ
ਟੀਨ ਦੀਆਂ ਛੱਤਾਂ ਤੇ......।

ਕੂਲਾਂ ਕਲਕਲ ਭੱਜੀਆਂ ਜਾਵਣ
ਘੱਟ ਨਹੀਂ ਨਦੀਆਂ ਵੀ!
ਬਾਗ਼ ਬਗ਼ੀਚੇ ਗੜੇ ਮਾਰ ਗਏ
ਕਰੂ ਵਪਾਰੀ ਕੀ!
ਟੀਨ ਦੀਆਂ ਛੱਤਾਂ ਤੇ
ਟਣਕ ਟਣਕ ਪਏ ਮੀਂਹ
ਟੀਨ ਦੀਆਂ ਛੱਤਾਂ ਤੇ......।

ਸੂਰਜ ਖੇਡੇ ਅੱਖ ਮਟੱਕਾ
ਭਰੇ ਬੱਦਲ ਅੰਬਰੀਂ
ਚਿੜੀ ਜਨੌਰ ਵੀ ਛਹਿ ਬੈਠਦਾ
ਕਰਦਾ ਨਹੀਉਂ ਚੀਂ!
ਟੀਨ ਦੀਆਂ ਛੱਤਾਂ ਤੇ
ਟਣਕ ਟਣਕ ਪਏ ਮੀਂਹ
ਟੀਨ ਦੀਆਂ ਛੱਤਾਂ ਤੇ......।

ਚਾਰ ਚੁਫੇਰਾ ਸਿੱਲ੍ਹਾ ਸਿੱਲ੍ਹਾ
ਨਾ ਖੇਤ ਚੱਲੇ ਹਲ਼ ਵੀ
ਫ਼ਸਲੀਂ ਮੌਸਮ ਲੰਘਦਾ ਜਾਂਦਾ
ਖਾਨ ਕਰੂਗਾ ਕੀ!
ਟੀਨ ਦੀਆਂ ਛੱਤਾਂ ਤੇ
ਟਣਕ ਟਣਕ ਪਏ ਮੀਂਹ
ਟੀਨ ਦੀਆਂ ਛੱਤਾਂ ਤੇ......।

ਢਾਲ਼ਦਾਰ ਨੇ ਛੱਤਾਂ ਏਥੇ
ਢਾਲੂ ਏ ਧਰਤੀ
ਪੱਥਰ ਵਾਧੂ ਵਿੱਚ ਜ਼ਮੀਨੇ
ਗਟਗਟ ਪਾਣੀ ਪੀ!
ਟੀਨ ਦੀਆਂ ਛੱਤਾਂ ਤੇ
ਟਣਕ ਟਣਕ ਪਏ ਮੀਂਹ
ਟੀਨ ਦੀਆਂ ਛੱਤਾਂ ਤੇ......।

ਹਰ ਹੱਥ ਉੱਪਰ ਉੱਠ ਰਿਹਾ ਏ
ਚਿਹਰੇ ਸ਼ਿਕਨ ਜਹੀ
ਜੋ ਉਸ ਭਾਵੇ ਸਾਈ ਚੰਗਾ
ਅਸੀਂ ਬੋਲੀਏ ਕੀ!
ਟੀਨ ਦੀਆਂ ਛੱਤਾਂ ਤੇ
ਟਣਕ ਟਣਕ ਪਏ ਮੀਂਹ
ਟੀਨ ਦੀਆਂ ਛੱਤਾਂ ਤੇ......।

ਬਾਹਰ ਅਸਾਂਨੂੰ ਸਰਦੀ ਲੱਗੇ
ਬਿਸਤਰ ਮਚਲੇ ਜੀ
ਚੁਸਕੀਆਂ ਲੈ ਲੈ ਬੈਠਾ ਪੀਵਾਂ
ਗਰਮ ਗਰਮ ਮੈਂ ਟੀ!
ਟੀਨ ਦੀਆਂ ਛੱਤਾਂ ਤੇ
ਟਣਕ ਟਣਕ ਪਏ ਮੀਂਹ
ਟੀਨ ਦੀਆਂ ਛੱਤਾਂ ਤੇ......।

ਮੀਂਹ ਜਾਵੋ ਚਾਹੇ ਜਾਏ ਹਨੇਰੀ
ਸਾਡੀ ਜੇਬ ਵਸੇ ਗਰਮੀਂ
ਏਹੀ ਗੱਲ ਸੇਖੋਂ ਜੀ ਕਹਿ ਗਏ
ਵਿੱਚ ਕਹਾਣੀ ਨੀਂ!
ਟੀਨ ਦੀਆਂ ਛੱਤਾਂ ਤੇ
ਟਣਕ ਟਣਕ ਪਏ ਮੀਂਹ
ਟੀਨ ਦੀਆਂ ਛੱਤਾਂ ਤੇ......।

ਪੋਤ੍ਰੂਸ਼ਾਹੀ ਲੋਲਾਬ ਦੀ ਘਾਟੀ
ਪੌਣ ਚੱਲੇ ਪੱਛਮੀਂ
ਵਰਨੋਂ ਨਦੀਆ ਪਾਣੀ ਖਿੱਚਦੀ
ਡਰ 'ਮਨੇਸਾ' ਕੀ!
ਟੀਨ ਦੀਆਂ ਛੱਤਾਂ ਤੇ
ਟਣਕ ਟਣਕ ਪਏ ਮੀਂਹ
ਟੀਨ ਦੀਆਂ ਛੱਤਾਂ ਤੇ......।

•

## ਕਸ਼ੀਰਨਾਂ

ਕਸ਼ਮੀਰ ਦੀ ਸੁੰਦਰਤਾ ਦੇ
ਵੇਖੇ ਪੱਖ ਹਜ਼ਾਰਾਂ!
ਇੱਕ ਪੱਖ ਏਹਦੀ ਸੁੰਦਰਤਾ ਦਾ
ਸੁੰਦਰ ਨੇ ਜੋ ਨਾਰਾਂ!

ਕਾਲ਼ੇ ਬੁਰਕੇ ਪਾ ਕੇ ਚੱਲਣ
ਚਿੱਟੀਆਂ ਪਾ ਸਲਵਾਰਾਂ!
ਗੋਰੇ ਚਿੱਟੇ ਮੁੱਖ ਏਹਨਾਂ ਦੇ
ਨੱਕ ਨੇ ਜਿਉਂ ਤਲਵਾਰਾਂ!

ਚੁੱਘੀਆਂ ਭਰ ਭਰ ਚੱਲਣ ਏਹੇ
ਜਿਉਂ ਹਿਰਨਾਂ ਦੀਆਂ ਡਾਰਾਂ!
ਸੋਹਣ ਸੁਨੱਖੀਆਂ ਵੇਖ ਵੇਖ ਕੇ
ਚੇਤੇ ਆਣ ਗਟਾਰਾਂ!

ਗੱਲ੍ਹਾਂ ਲਾਲ ਸੇਬ ਕਸ਼ਮੀਰੀ
ਅੱਖੀਆਂ ਵਾਂਗ ਕਟਾਰਾਂ!
ਛੋਟੇ ਕੱਦੀਆਂ ਚੰਦਰ ਰੰਗੀਆਂ
ਲੰਮੀਆਂ ਵਾਂਗ ਚਿਨਾਰਾਂ!

ਰਸ ਚੋਂਦੇ ਅਲਫ਼ਾਜ਼ ਏਹਨਾਂ ਦੇ
ਨਾਲ ਗੜੁੱਚ ਪਿਆਰਾਂ!
ਰੰਗ ਬਰੰਗੇ ਸੋਹਣੇ ਬਾਣੇ
ਖਿੜੀਆਂ ਜਿਉਂ ਗੁਲਜ਼ਾਰਾਂ!

ਸਿਰ ਚੁੰਨੀ ਨਾਲ਼ ਢੱਕ ਕੇ ਚੱਲਣ
ਢਾਕੀਂ ਮਾਰ ਹੁਲਾਰਾ!
ਗਲ਼ ਵਿੱਚ ਪਰਸ ਲੰਮੇਰਾ ਰੱਖਣ
ਟੁਰਦੀਆਂ ਵਿੱਚ ਬਜ਼ਾਰਾਂ!

ਉੱਚੀ ਅੱਡੀ ਸੈਂਡਲ ਪਹਿਨਣ
ਦਿਲ ਚੀਰੂ ਮੁਸਕਾਨਾਂ!
ਗੋਡਿਆਂ ਤਾਂਈ ਸੂਟ ਰੱਖਦੀਆਂ
ਉੱਚੇ ਕੱਟ ਸਲਵਾਰਾਂ!

ਅੱਲ੍ਹਾ ਮੇਹਰਬਾਨ ਏਹਨਾਂ ਤੇ
ਵੰਡ ਸੁਹੱਪਣ ਸਾਰਾ!
ਵਿੱਚ ਦੁਨੀਆਂ ਦੇ ਗੱਲਾਂ ਹੋਵਣ
ਜੱਗ ਜਾਣਦਾ ਸਾਰਾ!

ਛੀ! ਕਿੱਦਾਂ ਦੀਆਂ ਗੱਲਾਂ ਕਰਦਾ!
'ਮਨੇਸ' ਲੋਲਾਬੇ ਰਾਣਾ
ਨਾਲ਼ ਕਲਮ ਦੇ ਕਾਵਿਕ ਬੁਣ ਗਿਆ
ਸਾਡਾ ਤਾਣਾ ਬਾਣਾ!

•

## ਗੁਲਮਾਰਗ਼

ਗੁਲਮਾਰਗ਼ ਹੈ ਵੇਖਣ ਵਾਲਾ
ਵਿੱਚ ਮਹੀਨੇ ਜੂਨ
ਸੜਿਆਂ ਭੁੱਜਿਆਂ ਬੰਦਿਆਂ ਦੀ
ਸੁਧਰੇ ਘੁੱਮਕੇ ਜੂਨ।

ਲਹਿਰੀਏਦਾਰ ਮੈਦਾਨ ਹਰੇ ਨੇ
ਰੂਹੀਂ ਦੇਣ ਸਕੂਨ
ਚਿੱਟੇ ਪਰਬਤ ਚਮਕਾਂ ਮਾਰਨ
ਜਿਉਂ ਚਮਕਦਾ ਚੂਨ।

ਬੱਚੇ ਬੁੱਢੇ ਮੁੰਡੇ ਨੱਢੀਆਂ
ਸੁੰਦਰ ਪਹਿਨੀਂ ਸੂਟ
ਟੱਟੂ ਅਤੇ ਗਡੋਲੇ ਬੈਠਣ
ਪਾਕੇ ਵੱਡੇ ਬੂਟ।

ਟੱਪ ਟੱਪ ਕਰਕੇ ਟੱਟੂ ਚੱਲਦੇ
ਧਰਤੀ ਵੱਜਣ ਹੂਫ਼
ਮੋੜਾਂ ਉੱਤੇ ਆ ਬਣਾਉਂਦੇ
ਵਿੰਗ ਤੜਿੰਗੇ ਲੂਪ।

ਸੱਪ ਵਾਂਗੂੰ ਵਲ ਪਾ ਕੇ ਚੱਲਦੀ
ਠੰਢੀ ਕਲਵਲ ਕੂਲ
ਫ਼ੁੱਲਾਂ ਦੀ ਫ਼ੁਲਵਾੜੀ ਏਹ ਹੈ
ਸੁੰਦਰ ਜਾਪੇ ਖ਼ੂਬ।

ਕਲਕਲ ਕਰਕੇ ਪਾਣੀ ਚੱਲਦਾ
ਲੈਂਦਾ ਗਰਮੀ ਚੂਸ
ਏਥੇ ਅੰਮ੍ਰਿਤ ਜਾਪੇ ਵਰਸਦਾ
ਭੁੱਲੇ ਬੰਦਾ ਜੂਸ।

ਕਿਆ ਪਿਆਰਾ ਲੱਗਦਾ ਏ ਤੂੰ!
ਹੁਸਨ ਮਾਰਦਾ ਕੂਕ
ਏਵੇਂ ਭੱਜ ਨਹੀਂ ਲੋਕੀਂ ਆਂਵਦੇ
ਫੱਕ ਮੈਦਾਨੋ ਧੂੜ।

ਪ੍ਰੇਮੀ ਪ੍ਰੇਮ ਨੇ ਮਾਣਦੇ
ਪ੍ਰੇਮ ਹੋ ਮਸ਼ਰੂਫ਼
ਨੇ ਰੂਹਾਂ ਅੰਬਰੀਂ ਉੱਡਦੀਆਂ
ਭੀੜੋਂ ਆਕੇ ਦੂਰ।

ਸੀ ਯੂਸਫ਼ ਮੌਜਾਂ ਮਾਣਦਾ
ਲੈ ਹੱਬਾ ਖ਼ਾਤੂਨ!
ਸੀ ਜਹਾਂਗੀਰ ਨੇ ਮਾਣੀਆਂ
ਲੈ ਜਹਾਨੋ ਨੂਰ!

ਤੂੜੀ ਤੰਦ ਸੰਭਾਲ ਕੇ
ਸੰਡੇ ਛੱਡ ਸਕੂਲ
'ਮਨੇਸ' ਵੀ ਗੇੜੀ ਪਾ ਗਿਆ
ਨਾਲ਼ ਲੈ ਜਗਰੂਪ!

•

## ਮਣੀਆਂ !

ਧਰਤੀ ਕੁੱਖੇ ਗਰਮੀ ਵੱਸਦੀ
ਗਰਮੀ ਵਿੱਚੇ ਗਰਮੀ ਵੜਦੀ
ਅੰਦਰ ਗਰਮੀ ਬਾਹਰ ਗਰਮੀ
ਚਾਰ ਚੁਫ਼ੇਰੇ ਗਰਮੀ ਭਰਦੀ।

ਪੱਤਝੜ ਜਾਂਦੀ ਪੱਤੇ ਝਰਦੀ
ਧਰਤੀ ਵਿੱਚ ਪਤੀੜ ਗਲ਼ਦੀ
ਗਲ਼ਕੇ ਏਵੀ ਗਰਮੀ ਬਣਦੀ
ਏਵੀ ਜਾਂਦੀ ਧਰਤੀ ਵੜਦੀ।

ਫੇਰ ਧਮਕਦੀ ਆਕੇ ਸਰਦੀ
ਬੁੱਕਲ਼ ਧਰਤੀ ਸਰਦੀ ਭਰਦੀ
ਗਰਮੀ ਸਰਦੀ ਜਾਂਦੀ ਰਚਦੀ
ਕੁੱਖੇ ਦੁਨੀਆਂ ਸੋਹਣੀ ਰਚਦੀ।

ਬਸੰਤ ਆਣਕੇ ਰਚਨਾ ਰਚਦੀ
ਤੁਖ਼ਮ ਧਰਤੋਂ ਬਾਹਰ ਕੱਢਦੀ
ਮਿਲਕੇ ਏਹੇ ਮਣੀਆਂ ਜਣਦੀ
ਖੇਤ ਮੈਦਾਨ ਬਗ਼ੀਚੇ ਭਰਦੀ।

ਨੀਲੀ ਨੀਲਮਣੀ ਪੀਲ਼ਮਣੀ ਜ਼ਰਦੀ
ਸਫ਼ੈਦ ਚਿੱਟਮਣੀ ਹਰੀਮਣੀ ਸਬਜ਼ੀ
ਪਦਮਣੀ ਸੋਨਮਣੀ ਸੁਨਿਹਰੀ ਹਸਤੀ
ਮਣੀ ਮਣੀ ਰਲ਼ ਮਣੀਆਂ ਜਚਦੀ।

ਵਾਹ ਗਰਮੀ! ਵਾਹ ਸਰਦੀ!
ਵਾਹ! ਦੋਹਾਂ ਦੀ ਮਰਜ਼ੀ!
ਮਣਾਂਮੂੰਹੀ ਰੰਗ ਬਖ਼ੇਰੇ ਮਣੀਆਂ
ਹੋਈ 'ਮਨੇਸਾ' ਮਣੀਆਂ ਧਰਤੀ!

•

## ਬੱਦਲਾ ਲੋਲਾਬ ਦਿਆ!

ਬੱਦਲਾ ਲੋਲਾਬ ਦਿਆ!
ਕਿੰਝ ਵੇ ਤੂੰ ਬਣਦਾ!
ਪਹਾੜ ਦੀ ਚੋਟੀ ਤੇ
ਪਹਾੜ ਕਿੰਝ ਬਣਦਾ!

ਵਿੱਚ ਅਸਮਾਨ ਜਾਕੇ
ਕਿੰਝ ਵੇ ਤੂੰ ਖੜਦਾ!
ਬਿਲਕੁਲ ਸ਼ਾਂਤ ਰਹਿੰਦਾ
ਚੱਲੇ ਤੇ ਨਾ ਵਰ੍ਹਦਾ!

ਪੇਂਜੇ ਦੀ ਕਪਾਹ ਵਾਂਗੂੰ
ਢੇਰ ਤੇਰਾ ਬਣਦਾ!
ਚਾਂਦੀ ਦਾ ਢੇਰ ਜਾਂਦਾ
ਢਿੱਡ ਤੇਰੇ ਵੜਦਾ।

ਸਾਂਵਲੇ ਪਹਾੜ ਤੇਰੇ ਥੱਲੇ
ਚਿੱਟੀ ਚੁੰਨੀ ਬੱਦਲਾ!
ਪੈਰ ਸੁਰਮਈ ਤੇਰੇ
ਸਿਰ ਟੋਪ ਖਾਨ ਲੱਗਦਾ!

ਪਹਾੜ ਦੇ ਸਿਰ ਉੱਤੇ
ਪਲ ਵਿੱਚ ਬਣਦਾ!
ਮੱਥੇ ਵੱਜੇ ਸੂਰਜਾ ਤਾਂ
ਛਿਨ ਵਿੱਚ ਛਣਦਾ!

ਤੂੰ ਕੁਕਨਸ ਵਾਂਗੂੰ ਮਰੇਂ
ਉਹਦੇ ਵਾਂਗ ਜੰਮਦਾ!
ਸਾਰਾ ਦਿਨ ਤੇਰਾ ਏ
ਕ੍ਰਮ ਰਹਿੰਦਾ ਚੱਲਦਾ!

ਰੂਪ ਦਾ ਨਜ਼ਾਰਾ ਤੇਰਾ
ਬੜਾ ਦਿਲੇ ਜੱਚਦਾ
ਆਣ ਕੇ ਦਲਾਨ ਬੈਠਾਂ
ਸਾਰੇ ਕੰਮ ਛੱਡਦਾ।

ਸ਼ਾਨ ਤੇਰੀ ਵੇਖ ਗੁੰਮਾਂ
ਅੱਖ ਨਾ ਝਮਕਦਾ!
ਵੇਖ ਤੈਨੂੰ ਰਹਿੰਦਾ ਨਈਂ
ਝੰਜਟ ਮੈਨੂੰ ਕੰਮਦਾ।

ਜਾਂਦਾ ਜਾਂਦਾ ਜਾਂਦਾ ਤੂੰ
ਸੁਨੇਹਾ ਇੱਕ ਛੱਡਦਾ
ਕਰ ਲੈ 'ਮਨੇਸਾ' ਕੰਮ
ਮੁੱਲ ਨਹੀਂ ਨਿਕੰਮ ਦਾ।

•

# ਨਦੀ ਦਾ ਗੀਤ

ਜਾਂਈ ਆਂ ਵੇ ਲੋਕੋ ਮੈਂ ਪਹਾੜ ਦੀ!
ਜੋ ਪਹਿਨੇ ਚੁੰਨੀ ਚਾਂਦੀ ਰੰਗੀ ਆ
ਪਾਈ ਆਤਮਾ ਕੁੰਗੂ ਜਹੀ ਮੈਂ ਪਾਕ ਵੇ!
ਪੀ ਕਿਰਨਾਂ ਮੈਂ ਸੋਨੇ ਰੰਗੀਆਂ।

ਕੂਲਾਂ ਮੇਰੀਆਂ ਨੇ ਮੇਰਾ ਪ੍ਰੀਵਾਰ ਵੇ!
ਜੋ ਰੰਗ ਨੇ ਇਲਾਹੀ ਰੰਗੀਆਂ
ਸਦਾ ਮਿਲਣੇ ਦੀ ਦਿਲੇ ਵਿੱਚ ਤਾਂਘ ਵੇ!
ਤੇ ਵਾਹੋ ਦਾਹੀ ਆਣ ਭੱਜੀਆਂ।

ਚੱਲਾਂ ਥਾਪੜਾ ਮੈਂ ਮਾਣ ਕੇ ਅਕਾਲ ਦਾ
ਤੇ ਧੁਨਾਂ ਉਹਦੇ ਨਾਲ ਲੱਗੀਆਂ
ਵੇ! ਮੈਂ ਕਦੇ ਨਾ ਰਵਾਨਗੀ ਨੂੰ ਭੁੱਲਦੀ
ਤੇ ਹੁਕਮਾਂ ਦੇ ਵਿੱਚ ਬੱਧੀਆਂ।

ਵੇ! ਖ਼ਜਾਨਾ ਹਾਂ ਮੈਂ ਸੱਚੇ ਸੁੱਚੇ ਨੀਰ ਦਾ
ਅਬਾਦੀਆਂ ਨੇ ਖ਼ੂਬ ਵੱਸੀਆਂ
ਖ਼ੁਦ ਪੀਂਦੀ ਨਾ ਖ਼ੁਦਾਈ ਵਾਲੇ ਨੀਰ ਨੂੰ
ਧੁਰੋਂ ਹੀ ਮੈਂ ਤਾਂ ਆਈ ਰੱਜੀ ਆਂ।

ਸੰਗ ਮਾਣਦੇ ਪ੍ਰੇਮੀ ਮੇਰਾ ਆਣਕੇ
ਪ੍ਰੇਮ ਦੀਆਂ ਦਾਤਾਂ ਵੰਡੀਆਂ
ਵੇ! ਪੱਥਰਾਂ ਨੂੰ ਚੱਲਦੀ ਪਿਆਰਕੇ
ਤੇ ਪਾਵਾਂ ਮੈਂ ਨਿਹਾਰ ਜੱਫੀਆਂ।

ਵੰਡਾ ਰਹਿਮਤਾਂ ਮੈਂ ਸ਼ੁਰੂ ਤੋਂ ਅਖੀਰ ਤਾਂਈਂ
ਤੇ ਪਾਣੀ ਪੀਣ ਕੱਟੇ ਵੱਛੀਆਂ
ਲੋਕੀਂ ਆਣਕੇ ਆਨੰਦ ਏਥੇ ਮਾਣਦੇ
ਤੇ ਨਹਾਉਂਦੇ ਪਾਕੇ ਕੱਛੇ ਕੱਛੀਆਂ।

ਆਉਣ ਚੁੱਕ ਕੇ ਸਿਰਾਂ ਤੇ ਘੜੇ ਗਾਗਰਾਂ
ਜੋ ਪਿੰਡਾਂ ਚੋਂ ਹੁਸੀਨ ਨੱਢੀਆਂ
ਆਣ ਜਾਣਕੇ ਕਲੋਲਾਂ ਕਰ ਜਾਂਦੀਆਂ
ਤੇ ਖਾਲੀ ਹੱਥ ਮੈਂ ਨਾ ਘੱਲੀਆਂ।

ਆਈ ਸਦਾ ਹੀ ਖੁਸ਼ਹਾਲੀਆਂ ਮੈਂ ਵੰਡਦੀ
ਤੇ ਖੇਤਾਂ ਨੂੰ ਬਹਾਰਾਂ ਵੰਡੀਆਂ
ਰਹੇ ਸ਼ਾਲ੍ਹਾ! ਤੂੰ ਆਬਾਦ ਮੇਰੇ ਬੱਚਿਆ!
ਵੇ! ਨੀਂਦਾਂ ਤੈਨੂੰ ਆਣ ਅੱਛੀਆਂ!

ਐਵੇਂ ਮੰਦਰੀਂ ਕਿਨਾਰੇ ਮੇਰੇ ਆਣਕੇ
ਵਜਾਵੇਂ ਏਥੇ ਬੈਠ ਟੱਲੀਆਂ
ਬੈਠ ਕੇ ਪਖੰਡ ਤੂੰ ਏ ਸਾੜਦਾ
ਮੈਂ ਵੇਖਦੀ ਖ਼ੁਦਾ ਦੀ ਬੰਦੀ ਆਂ।

ਭਾਗ ਨੀਤਾਂ ਨੂੰ ਹੀ ਲੱਗਦੇ ਨੇ ਸੋਹਣਿਆਂ!
ਤੇ ਨੀਤਾਂ ਸਦਾ ਰੱਖ ਅੱਛੀਆਂ
ਐਵੇਂ ਤਰਲ਼ੇ ਨਾ ਫਿਰ ਵੇ ਤੂੰ ਮਾਰਦਾ!
ਨਾ ਮੂਤ ਵਿੱਚੋਂ ਫੜ ਮੱਛੀਆਂ।

ਤੈਨੂੰ ਸ਼ਰਮ ਨਾ ਆਉਂਦੀ ਏ ਬੇਸ਼ਰਮਾ!
ਵੇ ਨਾਲ਼ੀਆਂ ਤੂੰ ਸੁੱਟੇ ਗੰਦੀਆਂ
'ਮਨੇਸਾ' ਪਾਟ ਪਾਟ ਦਿਲ ਮੇਰਾ ਰੋਂਵਦਾ
ਤੇ ਜ਼ਾਰ ਜ਼ਾਰ ਰੋਣ ਅੱਖੀਆਂ।

ਮੇਰਾ ਟੇਡਾ ਮੇਢਾ ਪੰਧ ਏ ਲੰਮੇਰਾ
ਤੇ ਬਾਪੂ ਕੋਲ਼ੇ ਮੈਂ ਚੱਲੀ ਆਂ
ਮੰਗੂੰਗੀ ਦੁਆਵਾਂ ਤੇਰੇ ਵਾਸਤੇ
ਕਿ ਮੱਤਾਂ ਤੈਨੂੰ ਆਣ ਚੰਗੀਆਂ।

ਮਿਲਾਂਗੀ ਦੁਬਾਰਾ ਫੇਰ ਆਣਕੇ
ਪਹਾੜੀਂ ਮੇਰੀ ਮਾਂ ਵੱਸੀ ਆ
ਚੱਲੂੰਗੀ ਦੁਬਾਰਾ ਉਹਨੀਂ ਰਾਹੀਂ
ਜੋ ਝਾਗ ਝਾਗ ਮੈਂ ਲੰਘੀ ਆਂ।

ਜਾਂਈ ਆਂ ਵੇ ਲੋਕੋ ਮੈਂ ਪਹਾੜ ਦੀ!
ਜੋ ਪਹਿਨੇ ਚੁੰਨੀ ਚਾਂਦੀ ਰੰਗੀ ਆ
ਪਾਈ ਆਤਮਾ ਕੁੰਗੂ ਜਹੀ ਮੈਂ ਪਾਕ ਵੇ!
ਪੀ ਕਿਰਨਾਂ ਮੈਂ ਸੋਨੇ ਰੰਗੀਆਂ।

•

## ਘਾਟੀਏ ਨੀਂ ਘਾਟੀਏ!

ਘਾਟੀਏ ਨੀਂ ਘਾਟੀਏ! ਲੋਲਾਬ ਦੀਏ ਘਾਟੀਏ
ਤੈਨੂੰ ਰੰਗ ਚੜ੍ਹਿਆ ਕਿਆ!
ਲੰਬੀ ਠੰਡ ਬੀਤਣੇ ਦੇ ਪਿੱਛੋਂ ਹਾਏ ਘਾਟੀਏ
ਸੂਰਜ ਹੈ ਚਮਕ ਪਿਆ
ਨੀਂ ਘਾਟੀਏ! ਤੈਨੂੰ ਰੰਗ ਚੜ੍ਹਿਆ ਕਿਆ!
ਨੀਂ ਘਾਟੀਏ! ਤੈਨੂੰ ਰੰਗ ਚੜ੍ਹਿਆ ਕਿਆ!

ਸੁਭਾ ਤੇ ਸਵੇਰ ਦਾ ਨਜ਼ਾਰਾ ਏ ਕਮਾਲ ਨੀਂ!
ਤੇਰੀ ਏ ਪਿਆਰੀ ਲਾਲੀਮਾਂ
ਸੁਭਾ ਨੂੰ ਤੂੰ ਜਾਪਦੀਂ ਏਂ ਲਾੜੀ ਵਾਗੂੰ ਸਜੀ ਹੋਈ
ਸ਼ਾਮ ਨੂੰ ਜੂੰ ਲੋਰੀ ਦੇਂਦੀ ਮਾਂ
ਨੀਂ ਘਾਟੀਏ! ਤੈਨੂੰ ਰੰਗ ਚੜ੍ਹਿਆ ਕਿਆ!
ਨੀਂ ਘਾਟੀਏ! ਤੈਨੂੰ ਰੰਗ ਚੜ੍ਹਿਆ ਕਿਆ!

ਦੂਰ ਨੀਂ ਪਹਾੜਾਂ ਦੀਆਂ ਚੋਟੀਆਂ ਦੇ ਉੱਤੇ
ਵੇਖਾਂ ਧੂੰਆਂ ਕਿੰਝ ਉੱਡਦਾ ਪਿਆ!
ਸੂਰਜੇ ਦੀ ਕਿਰਨ ਸੁਨਿਹਰੀ ਵੇਖ ਆਣਕੇ
ਰਹੀ ਕਿੱਦਾਂ ਰੰਗ ਹੈਂ ਵਟਾਅ
ਨੀਂ ਘਾਟੀਏ! ਤੈਨੂੰ ਰੰਗ ਚੜ੍ਹਿਆ ਕਿਆ!
ਨੀਂ ਘਾਟੀਏ! ਤੈਨੂੰ ਰੰਗ ਚੜ੍ਹਿਆ ਕਿਆ!

ਚਿੱਟੀ ਨੀਂ ਪਹਾੜਾਂ ਸਿਰ ਚੁੰਨੀ ਨੂੰ ਮੈਂ ਵੇਖਦਾ
ਸਾਂਵਲੀ ਏ ਰੁੱਖਾਂ ਦੀ ਨੀਂ ਭਾਹ
ਹਰੀਆਂ ਨੀਂ ਪੱਤੀਆਂ ਪਪੂਲਰ ਤੇ ਆਣਕੇ
ਰਹੀਆਂ ਕਿੱਦਾਂ ਚਾਰ ਚੰਨ ਲਾ
ਨੀਂ ਘਾਟੀਏ! ਤੈਨੂੰ ਰੰਗ ਚੜ੍ਹਿਆ ਕਿਆ!
ਨੀਂ ਘਾਟੀਏ! ਤੈਨੂੰ ਰੰਗ ਚੜ੍ਹਿਆ ਕਿਆ!

ਪੰਛੀ ਲਟਬੌਰੇ ਹੋ ਕੇ ਉੱਡ ਰਹੇ ਅਕਾਸ਼ੀਂ
ਰਹੇ ਬਾਜ਼ੀਆਂ ਕਿੱਦਾਂ ਨੇ ਵੇਖ ਲਾ!
ਕਾਗਾਂ ਦੀਆਂ ਡਾਰਾਂ ਨੀਂ ਸੋਗ਼ਾਮ ਵੱਲੋਂ ਆਉਣ
ਰਹੀਆਂ ਦੂਰ ਕੁਪਵਾੜੇ ਵੱਲ ਜਾ
ਨੀਂ ਘਾਟੀਏ! ਤੈਨੂੰ ਰੰਗ ਚੜ੍ਹਿਆ ਕਿਆ!
ਨੀਂ ਘਾਟੀਏ! ਤੈਨੂੰ ਰੰਗ ਚੜ੍ਹਿਆ ਕਿਆ!

ਵੇਖ ਨੀਂ ਕਬੂਤਰਾਂ ਦੇ ਝੁੰਡ ਪਏ ਉੱਡਦੇ
ਤੋਤੇ ਕਿੱਦਾਂ ਰਹੇ ਨੇ ਟੈਂਟਿਆ!
ਆਣਕੇ ਗਟਾਰਾਂ ਨੀਂ ਬਨੇਰੇ ਉੱਤੇ ਬਹਿੰਦੀਆਂ
ਚਾਂਬਲ਼ੀਆਂ ਚਿੜੀਆਂ ਪਈਆਂ
ਨੀਂ ਘਾਟੀਏ! ਤੈਨੂੰ ਰੰਗ ਚੜ੍ਹਿਆ ਕਿਆ!
ਨੀਂ ਘਾਟੀਏ! ਤੈਨੂੰ ਰੰਗ ਚੜ੍ਹਿਆ ਕਿਆ!

ਸੋਹਣੀ ਨੀਂ ਤੂੰ ਸੌਣ ਦੇ ਬੱਦਲ ਵਾਗੂੰ ਲੱਗਦੀ
ਲੱਗਦੀ ਪਿਆਰੀ ਨੀਂ ਫ਼ਿਜ਼ਾ!
ਜਿਹੜਾ ਆਇਆ ਘੁੰਮਣੇ ਲੋਲਾਬ ਹਾਏ ਘਾਟੀਏ
ਤੇਰੇ ਉੱਤੇ ਹੋਇਆ ਨੀਂ ਫ਼ਿਦਾ
ਨੀਂ ਘਾਟੀਏ! ਤੈਨੂੰ ਰੰਗ ਚੜ੍ਹਿਆ ਕਿਆ!
ਨੀਂ ਘਾਟੀਏ! ਤੈਨੂੰ ਰੰਗ ਚੜ੍ਹਿਆ ਕਿਆ!

ਬੱਦਲਾਂ ਦੀ ਵੇਖ ਨੀਂ ਤੂੰ ਸ਼ਾਨ ਏ ਨਿਰਾਲੀ
ਇੰਜ ਜਾਪਦੇ ਜੂੰ ਢੇਰ ਨੇ ਕਪਾਹ!
ਹਵਾ ਜਦ ਆਂਦੀ ਕਿਸੇ ਕੋਨੇ 'ਚੋਂ ਪਿਆਰੀ
ਲੈਂਦੇ ਸ਼ਕਲਾਂ ਨੂੰ ਕਿੱਦਾਂ ਨੀ ਵਟਾਅ
ਨੀਂ ਘਾਟੀਏ! ਤੈਨੂੰ ਰੰਗ ਚੜ੍ਹਿਆ ਕਿਆ!
ਨੀਂ ਘਾਟੀਏ! ਤੈਨੂੰ ਰੰਗ ਚੜ੍ਹਿਆ ਕਿਆ!

ਵੇਖ ਵੇਖ ਰੂਪ ਤੇਰਾ ਚੰਨ ਨੀਂ ਪਹਾੜੋਂ
ਵੇਖ ਕਿੱਦਾਂ ਉੱਚਾ ਉੱਠ ਨੀਂ ਗਿਆ!
ਅੰਮ੍ਰਿਤ ਬੂੰਦਾਂ ਨੀਂ ਪਰਿੰਦਿਆਂ ਦੇ ਮੂੰਹੀਂ
ਕਿੱਦਾਂ ਨੱਚ ਨੱਚ ਰਹੀਂ ਏਂ ਤੂੰ ਪਾ
ਨੀਂ ਘਾਟੀਏ! ਤੈਨੂੰ ਰੰਗ ਚੜਿਆ ਕਿਆ!
ਨੀਂ ਘਾਟੀਏ! ਤੈਨੂੰ ਰੰਗ ਚੜਿਆ ਕਿਆ!

ਗੋਕੇ ਤੇਰੇ ਕੋਠਿਆਂ 'ਚੋਂ ਖੁੱਲੇ ਖੇਤੀਂ ਆਣਕੇ
ਹਰਾ ਹਰਾ ਖਾਂਦੇ ਪਏ ਨੇ ਘਾਹ!
ਮਾਣਦੇ ਅਨੰਦ ਪਏ ਅਜ਼ਾਦੀ ਦਾ ਤੂੰ ਵੇਖ
ਰਹੇ ਪੂਛਾਂ ਨੂੰ ਨੇ ਕਿੰਝ ਨੀਂ ਹਲਾ
ਨੀਂ ਘਾਟੀਏ! ਤੈਨੂੰ ਰੰਗ ਚੜਿਆ ਕਿਆ!
ਨੀਂ ਘਾਟੀਏ! ਤੈਨੂੰ ਰੰਗ ਚੜਿਆ ਕਿਆ!

ਕੂਲਾਂ ਨੀ ਘੁਘਾਟ ਦਿਨ ਰਾਤ ਏਥੇ ਪਾਉਂਦੀਆਂ
ਜ਼ਰਾ ਵੀ ਨਾ ਲੈਂਦੀਆਂ ਨੇ ਸਾਹ!
ਸੂਰਜੇ ਦੀ ਗੱਲ ਏਥੇ ਬੜੀ ਏ ਅਜੀਬ
ਉਹਦਾਂ ਨੂਰੋ ਨੂਰ ਕਰਦਾ ਛਪਾ
ਨੀਂ ਘਾਟੀਏ! ਤੈਨੂੰ ਰੰਗ ਚੜਿਆ ਕਿਆ!
ਨੀਂ ਘਾਟੀਏ! ਤੈਨੂੰ ਰੰਗ ਚੜਿਆ ਕਿਆ!

ਕਈ ਰੰਗਾਂ ਮਿਲ ਤੇਰਾ ਰੂਪ ਨੀਂ ਸੰਵਾਰਿਆ
ਚਿੱਟੀ ਸਾਂਵੀ ਹਰੀ ਨੀਲੀ ਭਾਹ!
ਸਾਲ ਵਿੱਚ ਕਈ ਰੰਗ ਮਾਣੇਂ ਨੀ ਤੂੰ ਘਾਟੀਏ
ਹੁਣ ਚੜੀ ਏ ਬਸੰਤੀ ਭਾਹ
ਨੀਂ ਘਾਟੀਏ! ਤੈਨੂੰ ਰੰਗ ਚੜਿਆ ਕਿਆ
ਨੀਂ ਘਾਟੀਏ! ਤੈਨੂੰ ਰੰਗ ਚੜਿਆ ਕਿਆ।

ਵਾਂਗ ਨੀਂ ਕਟੋਰੇ ਦੇ ਤੂੰ ਜਾਪਦੀ ਏਂ ਘਾਟੀਏ
ਹਵਾਵਾਂ ਠੰਡੀਆਂ ਤੋਂ ਕਰੇਂ ਨੀਂ ਬਚਾ!
ਤੇਰਾ ਨੀਂ ਨਜ਼ਾਰਾ ਮਾਤ ਸੁਰਗਾਂ ਨੂੰ ਪਾਵਦਾ
ਚੱਲਦੀ ਨਾ ਨਜ਼ਰਾਂ ਦੀ ਵਾਹ
ਨੀਂ ਘਾਟੀਏ! ਤੈਨੂੰ ਰੰਗ ਚੜਿਆ ਕਿਆ!
ਨੀਂ ਘਾਟੀਏ! ਤੈਨੂੰ ਰੰਗ ਚੜਿਆ ਕਿਆ!

ਪੋਤੂਸ਼ਾਹੀ ਲੋਲਾਬ 'ਚ ਨਵੋਦਿਆ ਨੀਂ ਚੱਲੇ
ਜਿਹਦਾ ਦਿੱਲੀ ਤਾਂਈ ਚੱਲਦਾ ਏ ਨਾਂ!
ਮੋਮਨ ਵੀ ਵੱਸਦੇ ਤੇ ਹਿੰਦੂ ਵੀ ਨੇ ਵੱਸਦੇ
ਵੱਸਦੇ ਨੇ ਸਿੱਖ ਕਈ ਭਰਾ
ਨੀਂ ਘਾਟੀਏ! ਤੈਨੂੰ ਰੰਗ ਚੜਿਆ ਕਿਆ!
ਨੀਂ ਘਾਟੀਏ! ਤੈਨੂੰ ਰੰਗ ਚੜਿਆ ਕਿਆ!

ਕਣ ਕਣ ਤੇਰਾ ਹੁਣ ਪੁੰਗਰਿਆ ਘਾਟੀਏ
ਘਟ ਘਟ ਗਿਆ ਹਰਿਆ
ਕਾਂਗੜੀ ਤੇ ਫੈਰਨ ਵਲ੍ਹੈਟ ਪਰ੍ਹਾਂ ਰੱਖਿਆ
ਕਸ਼ੀਰੀ ਰੰਗ ਨੱਚਦਾ ਪਿਆ
ਨੀਂ ਘਾਟੀਏ! ਤੈਨੂੰ ਰੰਗ ਚੜਿਆ ਕਿਆ!
ਨੀਂ ਘਾਟੀਏ! ਤੈਨੂੰ ਰੰਗ ਚੜਿਆ ਕਿਆ!

ਚਿੜੀਆਂ ਨੀਂ ਚੀਕ ਚੀਕ ਪਾਉਦੀਆਂ ਚਿਹਾੜਾ
ਰਹੀਆਂ ਸੁਭਾ ਸ਼ਾਮ ਗੀਤ ਨੀਂ ਸੁਣਾ!
ਮਿਲਕੇ ਚੁਫ਼ੇਰੇ ਵੇਖ ਰੰਗ ਕਿੱਦਾਂ ਬੱਝਿਆ ਏ
ਕਣ ਕਣ ਗਿਆ ਨਸ਼ਿਆ
ਨੀਂ ਘਾਟੀਏ! ਤੈਨੂੰ ਰੰਗ ਚੜਿਆ ਕਿਆ!
ਨੀਂ ਘਾਟੀਏ! ਤੈਨੂੰ ਰੰਗ ਚੜਿਆ ਕਿਆ!

ਬਾਗ਼ ਤੇ ਬਗ਼ੀਚੇ ਤੇਰੇ ਕਿੱਦਾਂ ਵੇਖ ਘਾਟੀਏ ਨੀਂ
ਇੱਤਰਾਂ ਜੂ ਮਹਿਕਾਂ ਰਹੇ ਲਟਾ
ਮੱਖੀਆਂ ਤੇ ਭੌਰਿਆਂ ਨੇ ਰਾਗ ਗਾਇਆ ਵੱਖਰਾ
'ਮਨੇਸ' ਹੋਇਆ ਟੁੱਲ ਨੀਂ ਪਿਆ!
ਨੀਂ ਘਾਟੀਏ! ਤੈਨੂੰ ਰੰਗ ਚੜਿਆ ਕਿਆ!
ਨੀਂ ਘਾਟੀਏ! ਤੈਨੂੰ ਰੰਗ ਚੜਿਆ ਕਿਆ!

•